A-CLASS
FOREIGN EXCHANGE
ਸਿਰਫ਼ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ
ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

SMART KEY & TRANSPONDER KEY PROGRAMMING
KEY 4U
122-12885 85 AVE. SURREY, B.C
236-999-7980, 604-501-2125

World's Largest Punjabi Weekly
ਅਜੀਤ
6 to 12 Nov. 2025
BRITISH COLUMBIA
Division of 6178235 Canada Inc.
AJIT WEEKLY
Corporate Office: 7015-Tranmere Dr. Unit # 1 & 2 Mississauga, On. L5S 1T7 Canada

ਸੂਰਜਵੰਸ਼ੀ ਦਵਾਖਾਨਾ
ਮਰਦਾਨਾ ਕਮਜ਼ੋਰੀ ਤੋਂ ਸ਼ਰਮਿੰਦਾ ਹੋ ?
ਘਬਰਾਉਣ ਦੀ ਲੋੜ ਨਹੀਂ
ਫ਼ੋਨ: 416-992-5489

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA CURRENCY EXCHANGER LTD.
ਲੰਬੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST. (PAYAL BUSINESS CENTRE) SURREY

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.

VOL. 29 | No. 1673 | ajitweekly.com | darshantv.ca | 7fb.com/ajitweeklycanada | youtube.com/@ajitweeklycanada | info@ajitweekly.com | 1-905-671-4761, 416-899-2548 | Price: $1.00

ਅਮੀਰ ਦੇਸ਼ਾਂ ਦੀ Citizenship ਹਾਸਿਲ ਕਰਨ 'ਚ Indians ਅੱਗੇ

ਚਮਕੌਰ ਸਿੰਘ ਮਾਛੀਕੇ

ਬਰੈਂਪਟਨ: ਔਰਗੇਨਾਈਜ਼ੇਸ਼ਨ ਫ਼ੌਰ ਇਕਨੌਮਿਕ ਕੋ-ਔਪ੍ਰੇਸ਼ਨ ਐਂਡ ਡਿਵੈਲਪਮੈਂਟ (OECD) ਨੇ ਇਸ ਸਾਲ ਦੀ ਆਪਣੀ ਰਿਪੋਰਟ International Migration Outlook 2025 'ਚ ਖ਼ੁਲਾਸਾ ਕੀਤਾ ਹੈ ਕਿ ਅਮੀਰ ਅਤੇ ਵਿਕਸਿਤ ਦੇਸ਼ਾਂ ਦੀ ਨਾਗਰਿਕਤਾ ਹਾਸਿਲ ਕਰਨ 'ਚ ਭਾਰਤੀ ਨਾਗਰਿਕ ਪੂਰੀ ਦੁਨੀਆਂ 'ਚ ਸਭ ਤੋਂ ਅੱਗੇ ਹਨ।

ਰਿਪੋਰਟ ਅਨੁਸਾਰ ਸਾਲ 2023 'ਚ ਲਗਭਗ 2.25 ਲੱਖ ਭਾਰਤੀਆਂ ਨੇ OECD ਮੈਂਬਰ ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕੀਤੀ। ਇਹ ਹੁਣ ਤਕ ਦਾ ਸਭ ਤੋਂ ਵੱਡਾ ਅੰਕੜਾ ਹੈ। ਪਿਛਲੇ ਦੋ ਸਾਲਾਂ ਤੋਂ ਭਾਰਤ ਲਗਾਤਾਰ ਇਨ੍ਹਾਂ ਦੇਸ਼ਾਂ 'ਚ ਨਵੇਂ ਨਾਗਰਿਕਾਂ ਦਾ ਸਭ ਤੋਂ ਵੱਡਾ ਸਰੋਤ ਬਣਿਆ ਹੋਇਆ ਹੈ। ਭਾਰਤ ਤੋਂ ਬਾਅਦ ਫ਼ਿਲੀਪੀਨਜ਼ ਦੇ 1.32 ਲੱਖ ਅਤੇ ਚੀਨ ਦੇ 92, 400 ਨਾਗਰਿਕਾਂ ਨੇ OECD ਦੇਸ਼ਾਂ ਦੀ ਨਾਗਰਿਕਤਾ ਪ੍ਰਾਪਤ ਕੀਤੀ। ਕੁੱਲ ਮਿਲਾ ਕੇ 2023 'ਚ 28 ਲੱਖ ਲੋਕਾਂ ਨੇ ਵਿਕਸਿਤ ਦੇਸ਼ਾਂ ਦੀ ਨਾਗਰਿਕਤਾ ਲਈ। ਇੱਥੇ ਵਰਨਣਯੋਗ ਹੈ ਕਿ 3 ਨਵੰਬਰ 2025 ਨੂੰ ਛਪੀ ਰਿਪੋਰਟ 'ਚ ਸਾਲ 2023 ਤਕ ਦਾ ਡੇਟਾ ਹੀ ਕਵਰ ਕੀਤਾ ਗਿਆ ਹੈ ਨਾ ਕਿ 2024 ਦਾ, ਪਰ ਉਸ ਵਿੱਚ ਇਹ ਨੋਟ ਦਿੱਤਾ ਗਿਆ ਹੈ ਕਿ 2024 'ਚ OECD ਮੁਲਕਾਂ 'ਚ ਹਿਜਰਤ ਦਾ ਰੁਝਾਨ ਹਲਕਾ ਜਿਹਾ ਘੱਟਿਆ ਜ਼ਰੂਰ ਸੀ।

ਕੈਨੇਡਾ ਬਣਿਆ ਸਭ ਤੋਂ ਵੱਡੀ ਮੰਜ਼ਿਲ: ਭਾਰਤੀਆਂ ਨੇ ਸਭ ਤੋਂ ਵੱਧ ਨਾਗਰਿਕਤਾ ਕੈਨੇਡਾ ਦੀ ਲਈ। 2023 'ਚ 78, 487 ਭਾਰਤੀ ਕੈਨੇਡੀਅਨ ਨਾਗਰਿਕ ਬਣੇ ਜੋ 2022 ਦੇ 59, 405 ਦੇ ਅੰਕੜੇ ਤੋਂ ਵੱਡਾ ਵਾਧਾ ਦਰਸਾਉਂਦਾ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਕੈਨੇਡਾ ਦੀਆਂ ਸਥਿਰ ਨੀਤੀਆਂ, ਸਥਾਈ ਨਿਵਾਸ ਦੀ ਪ੍ਰਕਿਰਿਆ 'ਚ ਤੇਜ਼ੀ ਅਤੇ ਪਿਛਲੇ ਦਹਾਕੇ 'ਚ ਵੱਸੇ ਭਾਰਤੀ ਪੇਸ਼ੇਵਰਾਂ ਦੀ ਮੌਜੂਦਗੀ ਇਸ ਵਾਧੇ ਦਾ ਮੁੱਖ ਕਾਰਨ ਹਨ।

ਮਾਹਿਰਾਂ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ 2024 'ਚ ਕੈਨੇਡਾ 'ਚ ਨਾਗਰਿਕਤਾ ਲੈਣ ਵਾਲੇ ਭਾਰਤੀਆਂ ਦੀ ਗਿਣਤੀ ਘੱਟੀ ਹੋ ਸਕਦੀ ਹੈ ਜਿਸ ਦਾ ਕਾਰਨ ਕੈਨੇਡਾ 'ਚ ਵਧਦੀ ਮਹਿੰਗਾਈ, ਮਕਾਨਾਂ ਦੀ ਕਮੀ, ਸਖ਼ਤ ਇਮੀਗ੍ਰੇਸ਼ਨ ਨਿਯਮ ਅਤੇ ਭਾਰਤ-ਕੈਨੇਡਾ ਦਰਮਿਆਨ ਚੱਲ ਰਿਹਾ ਤਨਾਅ ਹੋ ਸਕਦਾ ਹੈ।

ਕੈਨੇਡਾ ਤੋਂ ਇਲਾਵਾ USA ਅਤੇ Australia ਵੀ ਪ੍ਰਮੁੱਖ ਮੰਜ਼ਿਲਾਂ ਹਨ। 2023 'ਚ 52, 360 ਭਾਰਤੀ ਅਮਰੀਕੀ ਨਾਗਰਿਕ ਬਣੇ, ਜਦੋਂ ਕਿ 40, 361 ਭਾਰਤੀਆਂ ਨੇ ਆਸਟ੍ਰੇਲੀਆ ਦੀ ਨਾਗਰਿਕਤਾ ਲਈ। ਇਨ੍ਹਾਂ ਤਿੰਨਾਂ ਦੇਸ਼ਾਂ - Canada, USA ਅਤੇ Australia 'ਚ ਕੁੱਲ 1.71 ਲੱਖ ਭਾਰਤੀਆਂ ਨੇ ਨਾਗਰਿਕਤਾ ਹਾਸਿਲ ਕੀਤੀ ਜੋ 2023 'ਚ ਭਾਰਤ ਦੇ ਕੁੱਲ ਨਾਗਰਿਕਤਾ ਲੈਣ ਵਾਲਿਆਂ ਦਾ ਲਗਭਗ 76 ਫ਼ੀਸਦੀ ਹੈ। ਇਸ ਤੋਂ ਇਲਾਵਾ 2023 'ਚ ਲਗਭਗ ਛੇ ਲੱਖ ਭਾਰਤੀ ਕੰਮ ਜਾਂ ਪੜ੍ਹਾਈ ਲਈ OECD ਦੇਸ਼ਾਂ 'ਚ ਗਏ।

ਕੀ Tariffs ਦੇ ਅਰਬਾਂ ਡਾਲਰ ਵਾਪਿਸ ਕਰੇਗਾ US?

ਵਸ਼ਿੰਗਟਨ: US ਸੁਪਰੀਮ ਕੋਰਟ 'ਚ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ ਦੁਨੀਆਂ ਭਰ ਦੇ ਦੇਸ਼ਾਂ 'ਤੇ ਲਗਾਏ ਗਏ ਵਿਆਪਕ ਗਲੋਬਲ Tariffs ਦੇ ਮਾਮਲੇ ਦੀ ਸੁਣਵਾਈ ਦੌਰਾਨ ਜੱਜਾਂ ਨੇ Trump ਦੇ ਅਧਿਕਾਰ ਦੀ ਕਾਨੂੰਨੀ ਵੈਧਤਾ 'ਤੇ ਸ਼ੱਕ ਪ੍ਰਗਟ ਕੀਤਾ ਹੈ ਜਿਸ ਤੋਂ ਲੱਗਦਾ ਹੈ ਕਿ Trump ਦੇ Tariffs ਕਾਨੂੰਨੀ ਤੌਰ 'ਤੇ ਕਮਜ਼ੋਰ ਹੋ ਸਕਦੇ ਹਨ। ਇਸ ਕੇਸ ਨੂੰ ਦਹਾਕਿਆਂ 'ਚ ਕੋਰਟ ਦੇ ਸਾਹਮਣੇ ਆਏ ਸਭ ਤੋਂ ਵੱਧ ਮਹੱਤਵਪੂਰਣ ਆਰਥਿਕ ਅਤੇ ਰਾਜਨੀਤਿਕ ਮਾਮਲਿਆਂ 'ਚੋਂ ਇੱਕ ਮੰਨਿਆ ਜਾ ਰਿਹਾ ਹੈ, ਅਤੇ ਟਰੰਪ ਪ੍ਰਸ਼ਾਸਨ ਦੇ ਚੋਟੀ ਦੇ ਵਕੀਲ ਨੂੰ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ।

ਅਮਰੀਕਾ 'ਚ ਚੱਲ ਰਹੇ ਇਸ ਇਤਿਹਾਸਕ ਮਾਮਲੇ ਨੇ ਟਰੰਪ ਪ੍ਰਸ਼ਾਸਨ ਦੇ Tariffs ਬਾਰੇ ਨਵੇਂ ਸਵਾਲ ਖੜ੍ਹੇ ਕੀਤੇ ਗਏ ਹਨ। ਸੁਪਰੀਮ ਕੋਰਟ 'ਚ ਚੱਲ ਰਹੀ ਸੁਣਵਾਈ ਦੌਰਾਨ ਬਹਿਸ ਤੇਜ਼ ਹੋ ਗਈ। ਜੇਕਰ ਅਦਾਲਤ ਟਰੰਪ ਪ੍ਰਸ਼ਾਸਨ ਦੇ ਵਿਰੁੱਧ ਫ਼ੈਸਲਾ ਸੁਣਾਉਂਦੀ ਹੈ ਤਾਂ ਕੀ ਇਨ੍ਹਾਂ Tariffs ਤਹਿਤ ਅਰਬਾਂ ਡਾਲਰਾਂ ਦੀ ਵਾਧੂ ਆਯਾਤ ਡਿਊਟੀ ਅਦਾ ਕਰਨ ਵਾਲੇ ਕਾਰੋਬਾਰਾਂ ਨੂੰ Refund ਮਿਲੇਗਾ? CNN ਦੀ ਇੱਕ ਰਿਪੋਰਟ ਅਨੁਸਾਰ 23 ਸਤੰਬਰ ਤਕ US Customs and Border Control ਵਿਭਾਗ ਨੇ ਇਨ੍ਹਾਂ ਵਿਵਾਦਿਤ Tariffs ਤੋਂ 90 ਬਿਲੀਅਨ ਡਾਲਰਾਂ ਦਾ ਮਾਲੀਆ ਇਕੱਠਾ ਕੀਤਾ ਹੈ। ਹੁਣ ਸਵਾਲ ਇਹ ਹੈ ਕਿ ਜੇਕਰ ਅਦਾਲਤ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਐਲਾਨਦੀ ਹੈ ਤਾਂ US ਨੂੰ ਦਿੱਤੇ ਗਏ ਪੈਸੇ ਦਾ ਕੀ ਹੋਵੇਗਾ?

ਸੁਪਰੀਮ ਕੋਰਟ 'ਚ ਉਠਾਇਆ ਗਿਆ ਮੁਸ਼ਕਿਲ ਸਵਾਲ: ਸੁਣਵਾਈ ਦੌਰਾਨ ਜਸਟਿਸ ਐਮੀ ਕੋਨੀ ਬੈਰਟ ਨੇ ਇਸ ਮੁੱਦੇ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਸ ਨੇ ਟਰੰਪ ਪ੍ਰਸ਼ਾਸਨ ਨੂੰ ਚੁਣੌਤੀ ਦੇਣ ਵਾਲੇ ਕਾਰੋਬਾਰਾਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੀਲ ਕਤਿਆਲ ਨੂੰ ਪੁੱਛਿਆ, "ਜੇਕਰ ਤੁਸੀਂ ਇਹ ਕੇਸ ਜਿੱਤ ਜਾਂਦੇ ਹੋ ਤਾਂ ਮੈਨੂੰ ਦੱਸੋ ਕਿ ਅਦਾਇਗੀ ਪ੍ਰਕਿਰਿਆ ਕਿਵੇਂ ਕੰਮ ਕਰੇਗੀ? ਕੀ ਇਸ 'ਚ ਪੂਰੀ ਤਰ੍ਹਾਂ ਗੜਬੜ ਨਹੀਂ ਹੋ ਜਾਵੇਗੀ?" ਕਤਿਆਲ ਨੇ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਕਿ Refund ਪ੍ਰਕਿਰਿਆ ਕਾਫ਼ੀ ਮੁਸ਼ਕਿਲ ਅਤੇ ਗੁੰਝਲਦਾਰ ਹੋਵੇਗੀ। ਉਸ ਨੇ ਕਿਹਾ ਕਿ ਉਸ ਦੇ ਗਾਹਕ, ਪੰਜ ਕੰਪਨੀਆਂ ਨਿਸ਼ਚਤ ਤੌਰ 'ਤੇ Refund ਦੀਆਂ ਹੱਕਦਾਰ ਹੋਣਗੀਆਂ, ਪਰ ਇਹ ਪ੍ਰਕਿਰਿਆ ਬਹੁਤ ਗੁੰਝਲਦਾਰ ਸਾਬਿਤ ਹੋ ਸਕਦੀ ਹੈ। ਜੱਜ ਬੈਰੇਟ ਨੇ ਮਜ਼ਾਕ ਉਡਾਇਆ, "ਸ਼ੈਰ, ਇਹ ਇੱਕ ਵੱਡੀ ਗੜਬੜ ਹੈ।"

ਮਾਮਲਾ ਇੰਨਾ ਗੁੰਝਲਦਾਰ ਕਿਉਂ? ਜੇਕਰ ਸੁਪਰੀਮ ਕੋਰਟ ਟਰੰਪ ਪ੍ਰਸ਼ਾਸਨ ਦੇ ਵਿਰੁੱਧ ਫ਼ੈਸਲਾ ਸੁਣਾਉਂਦੀ ਹੈ ਤਾਂ US ਸਰਕਾਰ ਨੂੰ ਅਰਬਾਂ ਡਾਲਰਜ਼ ਵਾਪਿਸ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਹਾਲਾਂਕਿ ਇੰਨੇ ਵੱਡੇ ਪੱਧਰ 'ਤੇ Tariffs Refund ਦੀ ਪ੍ਰਕਿਰਿਆ, ਜਿਸ 'ਚ ਹਜ਼ਾਰਾਂ ਕੰਪਨੀਆਂ ਅਤੇ ਕਈ ਸਾਲ ਪੁਰਾਣੇ ਰਿਕਾਰਡ ਸ਼ਾਮਿਲ ਹਨ, ਬਹੁਤ ਗੁੰਝਲਦਾਰ ਹੋਣ ਵਾਲੀ ਹੈ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਇਹ US ਆਰਥਿਕ ਪ੍ਰਣਾਲੀ ਲਈ ਇੱਕ ਵੱਡੀ ਚੁਣੌਤੀ ਪੈਦਾ ਕਰ ਸਕਦਾ ਹੈ।

ਸੁਣਵਾਈ ਦੇ ਮੁੱਖ ਬਿੰਦੂ: ਬਹਿਸ ਬੁੱਧਵਾਰ ਨੂੰ ਸਥਾਨਕ ਸਮੇਂ ਅਨੁਸਾਰ ਸਵੇਰੇ 10 ਵਜੇ Washington DC 'ਚ ਸ਼ੁਰੂ ਹੋਈ ਅਤੇ ਨਿਰਧਾਰਿਤ ਦੋ ਘੰਟੇ 40 ਮਿੰਟਾਂ ਤੋਂ ਵੱਧ ਸਮੇਂ ਤਕ ਚੱਲੀ। ਨੌਂ ਜੱਜ ਇਸ ਗੱਲ 'ਤੇ ਵਿਚਾਰ ਕਰ ਰਹੇ ਹਨ ਕਿ ਕੀ ਰਾਸ਼ਟਰਪਤੀ ਨੇ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ Tariffs ਲਗਾਉਣ ਲਈ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ (International Emergency Economic Powers Act) ਅਧੀਨ ਆਪਣੀ ਸ਼ਕਤੀ ਦੀ ਕਾਨੂੰਨੀ ਤੌਰ 'ਤੇ ਵਰਤੋਂ ਕੀਤੀ ਹੈ ਜਾਂ ਨਹੀਂ। ਇਸ 'ਚ ਫ਼ੈਂਟੇਨਿਲ ਨਾਲ ਸਬੰਧਤ ਕੈਨੇਡਾ, ਚੀਨ ਅਤੇ ਮੈਕਸੀਕੋ 'ਤੇ ਲਗਾਏ ਗਏ Tariffs ਵੀ ਸ਼ਾਮਿਲ ਹਨ।

(ਬਾਕੀ ਸਫ਼ਾ 5 'ਤੇ)

UK 'ਚ ਬਲਾਤਕਾਰ ਦੀਆਂ ਘਟਨਾਵਾਂ ਦਾ Asian ਔਰਤਾਂ 'ਤੇ ਅਸਰ

ਰਾਜ ਬਿਲਖੂ

ਬਰਮਿੰਘਮ: ਮੇਕ-ਅੱਪ ਆਰਟਿਸਟ ਰਵਿਤਾ ਪੰਨੂ ਨੇ ਵਾਲਸਾਲ 'ਚ ਆਪਣੇ ਬਿਊਟੀ ਸਲੌਨ ਦੀ ਸਥਾਪਤੀ ਲਈ ਕਈ ਸਾਲਾਂ ਦੀ ਸਖ਼ਤ ਘਾਲਾਣਾ ਘਾਲੀ ਹੈ। ਨਜ਼ਦੀਕ ਹੀ ਵੁਲਵਰਹੈਂਪਟਨ 'ਚ ਜਨਮੀ ਰਵਿਤਾ ਇੱਕ ਸਥਾਪਿਤ ਕਾਰੋਬਾਰੀ ਹੋਣ ਤੋਂ ਇਲਾਵਾ ਇੱਕ ਮਾਂ ਵੀ ਹੈ। ਲੇਕਿਨ ਉਹ ਵੈੱਸਟ ਮਿਡਲੈਂਡਜ਼ ਦੀਆਂ ਉਨ੍ਹਾਂ ਕਈ ਏਸ਼ੀਆਈ ਔਰਤਾਂ 'ਚੋਂ ਵੀ ਇੱਕ ਹੈ ਜਿਨ੍ਹਾਂ ਨੇ BBC ਨੂੰ ਦੱਸਿਆ ਕਿ ਹੁਣ ਉਹ ਨਿਰੰਤਰ ਆਪਣੇ ਪਿੱਛੇ ਧਿਆਨ ਰੱਖ ਕੇ ਤੁਰਦੀਆਂ ਹਨ। ਜਦੋਂ ਉਸ ਦੀ

ਬੇਟੀ ਘਰੋਂ ਬਾਹਰ ਜਾਂਦੀ ਹੈ ਤਾਂ ਰਵਿਤਾ ਨੂੰ ਡਰ ਲਗਦਾ ਹੈ। ਅਜਿਹਾ ਇਸ ਲਈ ਹੈ ਕਿਉਂਕਿ ਪਿਛਲੇ ਦੋ ਮਹੀਨਿਆਂ ਦੌਰਾਨ ਉਸ ਤੋਂ ਸਿਰਫ਼ 16 ਕਿਲੋਮੀਟਰ ਦੂਰੋਂ ਪੁਲੀਸ ਨੂੰ ਨਸਲੀ ਨਫ਼ਰਤ ਕਾਰਨ ਵਾਪਰੀਆਂ ਬਲਾਤਕਾਰ ਦੀਆਂ ਦੋ ਘਟਨਾਵਾਂ ਦੀ ਸੂਚਨਾ ਮਿਲੀ।

ਸਤੰਬਰ 9 ਦੀ ਸਵੇਰ ਨੂੰ ਵੀਹ ਕੁ ਸਾਲਾਂ ਦੀ ਇੱਕ ਸਿੱਖ ਮੁਟਿਆਰ ਦਾ ਓਲਡਬਰੀ 'ਚ ਥੇਮ ਰੋਡ 'ਤੇ ਬਲਾਤਕਾਰ ਕੀਤਾ ਗਿਆ। ਫ਼ਿਰ 25 ਅਕਤੂਬਰ ਨੂੰ ਵਾਲਸਾਲ ਦੇ ਪਾਰਕ ਹਾਲ ਇਲਾਕੇ 'ਚ ਇੱਕ ਹੋਰ ਸਿੱਖ ਮੁਟਿਆਰ, ਜੋ ਅਜੇ ਆਪਣੇ ਉਮਰ ਦੇ ਦੂਜੇ ਹੀ ਦਹਾਕੇ 'ਚ ਸੀ, ਦਾ ਰੇਪ ਹੋਇਆ। ਪੁਲੀਸ ਵਲੋਂ ਮਾਮਲੇ 'ਚ ਇੱਕ 32 ਸਾਲਾ ਪੁਰਸ਼ ਜੌਹਨ ਐਸ਼ਲੀ ਨੂੰ ਨਾਮਜ਼ਦ ਕੀਤਾ ਗਿਆ ਹੈ। ਦੋਵਾਂ ਹੀ ਮਾਮਲਿਆਂ 'ਚ ਅਪਰਾਧੀ ਆਪਣੇ ਪੀੜਤਾਂ ਲਈ ਅਜਨਬੀ ਸਨ। ਇੱਕ ਹੋਰ ਔਰਤ ਉੱਪਰ 27 ਅਕਤੂਬਰ ਨੂੰ ਵੁਲਵਰਹੈਂਪਟਨ 'ਚ ਬਿਜਲੀ ਦੇ ਝਟਕੇ ਨਾਲ ਸੁੰਨ ਕਰ ਦੇਣ ਵਾਲੇ ਇੱਕ ਉਪਕਰਣ ਨਾਲ ਹਮਲਾ ਕੀਤਾ ਗਿਆ। ਪੁਲੀਸ ਦਾ ਕਹਿਣਾ ਹੈ ਕਿ ਇਹ ਜਿਣਸੀ ਹਮਲਾ ਨਹੀਂ ਸਗੋਂ ਇੱਕ ਨਸਲੀ ਹਮਲਾ ਸੀ। ਸਿੱਖ ਵੂਮਿਨਜ਼ ਏਡ ਦੀ ਮੁਖੀ ਸੁਖਵਿੰਦਰ ਕੌਰ ਦਾ ਕਹਿਣਾ ਹੈ ਕਿ ਸੰਸਥਾ ਦੀ ਹੈੱਲਪਲਾਈਨ 'ਤੇ ਹੁਣ ਡਰੀਆਂ ਹੋਈਆਂ ਔਰਤਾਂ ਦੇ ਫ਼ੋਨ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆ ਰਹੇ ਹਨ।

(ਬਾਕੀ ਸਫ਼ਾ 5 'ਤੇ)

ਭਾਰਤੀ ਵਿਦਿਆਰਥੀਆਂ ਦੀਆਂ 4 'ਚੋਂ 3 ਅਰਜ਼ੀਆਂ ਰੱਦ

ਚਮਕੌਰ ਸਿੰਘ ਮਾਛੀਕੇ

ਮਿਸੀਸਾਗਾ: US ਨਾਲ Tariffs ਕਾਰਨ ਚੱਲਦੇ ਤਨਾਅ ਵਿਚਾਲੇ Canada ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਭਾਰਤ ਨਾਲ ਸਬੰਧ ਸੁਧਾਰਣ ਦੀਆਂ ਕੋਸ਼ਿਸ਼ਾਂ 'ਚ ਲੱਗੇ ਹੋਏ ਹਨ। ਇਸ ਦਰਮਿਆਨ ਅਜਿਹੇ ਭਾਰਤੀ ਵਿਦਿਆਰਥੀਆਂ ਨੂੰ ਕੈਨੇਡਾ ਨੇ ਇੱਕ ਝਟਕਾ ਦਿੱਤਾ ਹੈ ਜੋ ਉਥੋਂ ਦਾ ਵੀਜ਼ਾ ਹਾਸਿਲ ਕਰਨ ਦੀ ਦੌੜ 'ਚ ਸ਼ਾਮਿਲ ਸਨ।

ਸਰਕਾਰੀ ਅੰਕੜਿਆਂ ਮੁਤਾਬਿਕ ਚਾਰ 'ਚੋਂ ਤਿੰਨ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਰੱਦ ਕੀਤੀਆਂ ਜਾ ਰਹੀਆਂ ਹਨ। ਦਰਅਸਲ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਕੈਨੇਡਾ ਦੀਆਂ ਸਖ਼ਤ ਪਾਬੰਦੀਆਂ ਦਾ ਇਹ ਬੁਰਾ ਅਸਰ ਹੈ। ਜ਼ਿਕਰਯੋਗ ਹੈ ਕਿ Canada ਕਦੇ ਭਾਰਤੀ ਵਿਦਿਆਰਥੀਆਂ

ਲਈ ਇੱਕ ਪਸੰਦੀਦਾ ਸਥਾਨ ਹੋਇਆ ਕਰਦਾ ਸੀ, ਪਰ ਹੁਣ ਉਹ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਆਪਣੀ ਪ੍ਰਸਿੱਧੀ ਗੁਆ ਰਿਹਾ ਹੈ।

ਦਰਅਸਲ, Canada ਨੇ ਅਸਥਾਈ ਪਰਵਾਸੀਆਂ (Temporary Foreigners) ਦੀ ਗਿਣਤੀ ਘੱਟ ਕਰਨ ਅਤੇ ਵਿਦਿਆਰਥੀ ਵੀਜ਼ਿਆਂ ਨਾਲ ਜੁੜੀ ਧੋਖਾਦੇਹੀ ਨਾਲ ਨਜਿੱਠਣ ਦੀਆਂ ਵਿਆਪਕ ਕੋਸ਼ਿਸ਼ਾਂ ਤਹਿਤ 2025 ਦੀ ਸ਼ੁਰੂਆਤ 'ਚ ਲਗਾਤਾਰ ਦੂਜੇ ਸਾਲ ਜਾਰੀ ਕੀਤੇ ਜਾਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟਾਂ ਦੀ ਗਿਣਤੀ ਘੱਟ ਕਰ ਦਿੱਤੀ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਇਮੀਗ੍ਰੇਸ਼ਨ ਵਿਭਾਗ ਵਲੋਂ ਮੁਹੱਈਆ ਕਰਾਏ ਗਏ ਅੰਕੜਿਆਂ ਮੁਤਾਬਿਕ ਅਗਸਤ 2025 'ਚ ਲਗਭਗ 74 ਫ਼ੀਸਦੀ ਭਾਰਤੀ ਅਰਜ਼ੀਆਂ ਅਸਵੀਕਾਰ ਕਰ ਦਿੱਤੀਆਂ ਗਈਆਂ ਸਨ ਜਦ ਕਿ ਦੋ ਸਾਲ ਪਹਿਲਾਂ ਅਗਸਤ 2023 'ਚ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਨੂੰ ਰੱਦ ਕਰਨ ਦਾ ਅੰਕੜਾ 32 ਫ਼ੀਸਦੀ ਸੀ। ਭਾਵ ਤਾਜ਼ਾ ਅੰਕੜਿਆਂ ਮੁਤਾਬਿਕ ਕੈਨੇਡਾ ਦੀਆਂ ਉੱਚ ਸੈਕੰਡਰੀ ਸੰਸਥਾਵਾਂ 'ਚ ਅਧਿਐਨ ਲਈ ਵੀਜ਼ਾ ਮੰਗਣ ਵਾਲੇ ਹਰ ਚਾਰ 'ਚੋਂ ਤਿੰਨ ਭਾਰਤੀ ਵਿਦਿਆਰਥੀਆਂ ਨੂੰ ਨਿਰਾਸ਼ਾ ਹੱਥ ਲੱਗੀ।

ਚੀਨੀ ਅਰਜ਼ੀਆਂ ਰੱਦ ਕਰਨ ਦੀ ਦਰ ਭਾਰਤ ਨਾਲੋਂ ਘੱਟ: ਕੈਨੇਡਾ ਨੇ ਭਾਰਤ ਸਮੇਤ ਚੀਨ ਅਤੇ ਹੋਰ ਦੇਸ਼ਾਂ ਨੂੰ ਇਹ ਝਟਕਾ ਦਿੱਤਾ ਹੈ, ਪਰ ਚੀਨੀ ਅਰਜ਼ੀਆਂ ਨੂੰ ਅਸਵੀਕਾਰ ਕਰਨ ਦੀ ਦਰ ਭਾਰਤ ਨਾਲੋਂ ਘੱਟ ਹੈ।

(ਬਾਕੀ ਸਫ਼ਾ 5 'ਤੇ)

Abby travels
ਸਸਤਾ ਹਵਾਈ ਸਫ਼ਰ BEST DEALS!
Leena Khosla
604-217-4114
604-557-2000
Info@abbytravels.ca
216-2825 Clearbrook Rd, Abbotsford
www.abbytravels.ca
BPCPA License No: 78374

JASVIR GREWAL Insurance Services Ltd.
ਜੇਕਰ ਤੁਹਾਨੂੰ ਸੁਪਰ ਵੀਜ਼ੇ ਤੋਂ ਨਾਂਹ ਹੋ ਜਾਂਦੀ ਹੈ ਤਾਂ ਤੁਹਾਡੇ ਸਾਰੇ ਪੈਸੇ ਵਾਪਿਸ ਕੀਤੇ ਜਾਣਗੇ।
*Some Conditions Apply
Super Visa Insurance
* Mortgage Insurance
* Life Insurance * Dental Insurance
* Critical Illness Insurance
* Special Disability Insurance for Taxi & Truck Drivers
* Home and Auto Insurance
* RESP & RRSP * Visitor Insurance
ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਕਾਲ ਕਰੋ
778-317-6262
JASVIR KAUR GREWAL

BESTWAY
Foreign Exchange Ltd.
Sony Sidhu (Zira)
Satkar Service Ltd.
Ph. 778-246-2500
604-592-2676

ਮਰਦਾਨਾ ਕਮਜ਼ੋਰੀ
416-992-5489

24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ
604-825-2222

12 Beds, 7 Baths
For 24 Guests
905-965-4644

ਸਸਤਾ ਹਵਾਈ ਸਫ਼ਰ
604-217-4114

ਡਾਲਰ ਦਾ ਵਧੀਆ ਰੇਟ?
778-246-2500

ਵਿਜ਼ਟਰ ਇੰਸ਼ੋਰੈਂਸ
778-317-6262

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
ਵਧੀਆ ਰੇਟ 'ਤੇ
604-562-7000

ਸਸਤਾ ਹਵਾਈ ਸਫ਼ਰ
604-217-4114

ਅਜੀਤ
AJIT WEEKLY
Division of 6178235 canada inc.

Founding Patron & CEO — Late (Dr.) Prof. Darshan Singh
Founding Director — Late Vinny Bains
Patron & CEO — Kanwaljit Kaur Bains
Chief Editor — Kanwar Bains
International Editors — Mandeep Khurmi, Syed Asif Shahkar,Sweden, Jasreen Kaur, India
Representatives — Suman Modgil, Rupinderjit Kaur
Toronto Reps. — Jasbir Singh Boparai
Brithish Columbia Reps. — Balley Singh Shoker
California Reps. — John Pal Singh
New York Reps. — Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

US ਦੇ ਸਖ਼ਤ ਨਿਯਮਾਂ ਨਾਲ ਪੰਜਾਬੀ-ਹਰਿਆਣਵੀ ਹੋਣਗੇ ਸਭ ਤੋਂ ਵੱਧ ਪ੍ਰਭਾਵਿਤ

ਵਾਸ਼ਿੰਗਟਨ: ਯੂਨਾਈਟਿਡ ਸਟੇਟਸ ਡਿਪਾਰਟਮੈਂਟ ਔਫ਼ ਟਰਾਂਸਪੋਰਟੇਸ਼ਨ (**DOT**) ਨੇ ਇਸ ਸਾਲ 7,200 ਤੋਂ ਵੱਧ ਵਪਾਰਕ ਟਰੱਕ ਡਰਾਈਵਰਾਂ ਨੂੰ ਲਾਜ਼ਮੀ ਇੰਗਲਿਸ਼ ਮੁਹਾਰਤ ਟੈੱਸਟਾਂ 'ਚ ਫ਼ੇਲ੍ਹ ਹੋਣ ਕਾਰਨ ਅਯੋਗ ਕਰਾਰ ਦੇ ਦਿੱਤਾ ਹੈ। ਇਹ ਸਖ਼ਤ ਕਾਰਵਾਈ ਭਾਰਤੀ ਮੂਲ ਦੇ ਡਰਾਈਵਰਾਂ ਨਾਲ ਜੁੜੇ ਕਈ ਜਾਨਲੇਵਾ ਹਾਈਵੇ ਹਾਦਸਿਆਂ ਤੋਂ ਬਾਅਦ ਇੱਕ ਹਮਲਾਵਰ ਮੁਹਿੰਮ ਵਜੋਂ ਸਾਹਮਣੇ ਆਈ ਹੈ।

ਜਿਨ੍ਹਾਂ ਡਰਾਈਵਰਾਂ ਨੂੰ ਡਿਸਕੁਆਲੀਫ਼ਾਈ ਕੀਤਾ ਗਿਆ ਹੈ ਉਨ੍ਹਾਂ 'ਚ ਵੱਡੀ ਗਿਣਤੀ 'ਚ ਭਾਰਤੀ ਮੂਲ ਦੇ ਟਰੱਕ ਡਰਾਈਵਰ ਸ਼ਾਮਿਲ ਹਨ, ਖ਼ਾਸਕਰ ਪੰਜਾਬੀ ਅਤੇ ਹਰਿਆਣਵੀ ਮੂਲ ਦੇ ਡਰਾਈਵਰ। ਨੌਰਥ ਅਮੈਰੀਕਨ ਪੰਜਾਬੀ ਟਰੱਕਰਜ਼ ਐਸੋਸੀਏਸ਼ਨ (**NAPTA**) ਦਾ ਅੰਦਾਜ਼ਾ ਹੈ ਕਿ ਅਮਰੀਕਾ 'ਚ 130,000 ਤੋਂ 150,000 ਟਰੱਕ ਡਰਾਈਵਰ ਪੰਜਾਬ ਅਤੇ ਹਰਿਆਣਾ ਤੋਂ ਹਨ। ਐਸੋਸੀਏਸ਼ਨ ਨੇ ਪੁਸ਼ਟੀ ਕੀਤੀ ਹੈ ਕਿ ਬਹੁਤ ਸਾਰੇ ਅਯੋਗ ਕੀਤੇ ਗਏ ਡਰਾਈਵਰ ਪੰਜਾਬੀ ਅਤੇ ਹਰਿਆਣਵੀ ਮੂਲ ਦੇ ਹਨ।

US Transportation ਸਕੱਤਰ ਸ਼ਾਨ ਡਫ਼ੀ ਨੇ 30 ਅਕਤੂਬਰ ਨੂੰ ਕਾਰਵਾਈ ਦਾ ਐਲਾਨ ਕੀਤਾ। ਫ਼ੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ (**FMCSA**) ਦੇ ਅਸਲ-ਸਮੇਂ ਦੇ ਅੰਕੜਿਆਂ ਅਨੁਸਾਰ 2025 'ਚ ਕੁੱਲ 7,248 ਡਰਾਈਵਰਾਂ ਨੂੰ ਰੀਅਲ-ਟਾਈਮ ਰੋਡਸਾਈਡ ਇੰਗਲਿਸ਼ ਲੈਂਗੂਏਜ ਪ੍ਰੋਫ਼ੀਸ਼ੀਐਂਸੀ (**ELP**) ਟੈੱਸਟਾਂ 'ਚ ਫ਼ੇਲ੍ਹ ਹੋਣ ਕਾਰਨ ਆਊਟ ਔਫ਼ ਸਰਵਿਸ (ਡਰਾਈਵਿੰਗ ਕਰਨ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਹੋਇਆ) ਘੋਸ਼ਿਤ ਕੀਤਾ ਗਿਆ।

ਇਹ ਕਾਰਵਾਈ **49 CRF 391[11(b)(2)** ਨਿਯਮ ਦੇ ਮੁੜ ਲਾਗੂ ਹੋਣ ਤੋਂ ਬਾਅਦ ਆਈ ਹੈ। ਇਸ ਨਿਯਮ ਤਹਿਤ ਸਾਰੇ ਕਮਰਸ਼ਲ ਡਰਾਈਵਰ ਲਾਇਸੈਂਸ (**CDL**) ਧਾਰਕਾਂ ਨੂੰ ਇੰਗਲਿਸ਼ ਪੜ੍ਹਨ ਅਤੇ ਬੋਲਣ 'ਚ ਇੰਨਾ ਨਿਪੁੰਨ ਹੋਣਾ ਚਾਹੀਦਾ ਹੈ ਕਿ ਉਹ ਜਨਤਾ ਨਾਲ ਗੱਲਬਾਤ ਕਰ ਸਕਣ, ਚਿੰਨ੍ਹ ਸਮਝ ਸਕਣ, ਅਧਿਕਾਰੀਆਂ ਨਾਲ ਗੱਲਬਾਤ ਕਰ ਸਕਣ ਅਤੇ ਸਹੀ ਰਿਪੋਰਟਾਂ ਬਣਾਈ ਰੱਖ ਸਕਣ।

ਜ਼ਿਕਰਯੋਗ ਹੈ ਕਿ ਇਸ ਸਾਲ ਲੰਘੇ ਅਗਸਤ ਮਹੀਨੇ 'ਚ ਭਾਰਤੀ ਮੂਲ ਦਾ ਟਰੱਕ ਡਰਾਈਵਰ ਹਰਜਿੰਦਰ ਸਿੰਘ ਹੱਥੋਂ ਫ਼ਲੋਰੀਡਾ ਟਰਨਪਾਈਕ 'ਤੇ ਇੱਕ ਭਿਆਨਕ ਹਾਦਸੇ 'ਚ ਸ਼ਾਮਿਲ ਸੀ ਜਦੋਂ ਉਸ ਦੇ ਟਰੱਕ ਨਾਲ ਟੱਕਰ ਕਾਰਨ ਤਿੰਨ ਲੋਕ ਮਾਰੇ ਗਏ ਸਨ। ਇਹ ਹਾਦਸਾ ਗਲਤ ਯੂ-ਟਰਨ ਲੈਣ ਤੋਂ ਬਾਅਦ ਹੋਇਆ ਸੀ। ਸੁਰੱਖਿਆ ਰਿਕਾਰਡਾਂ ਅਨੁਸਾਰ ਹਰਜਿੰਦਰ ਸਿੰਘ ਦੀ ਇੰਗਲਿਸ਼ ਭਾਸ਼ਾ ਦੀ ਮੁਹਾਰਤ 'ਤੇ ਸਵਾਲ ਖੜ੍ਹੇ ਕੀਤੇ ਗਏ ਸਨ।

ਉਸ ਤੋਂ ਬਾਅਦ ਅਕਤੂਬਰ 'ਚ ਇੱਕ ਭਾਰਤੀ ਡਰਾਈਵਰ ਕੈਲੇਫ਼ੋਰਨੀਆ ਹਾਈਵੇਅ 'ਤੇ ਇੱਕ ਭਿਆਨਕ ਹਾਦਸੇ 'ਚ ਸ਼ਾਮਿਲ ਸੀ, ਅਤੇ ਉਸ 'ਤੇ ਤਿੰਨ ਅਮਰੀਕੀਆਂ ਨੂੰ ਮਾਰਨ ਦਾ ਦੋਸ਼ ਲੱਗਿਆ ਹੈ। **DOT** ਸੂਤਰਾਂ ਅਨੁਸਾਰ ਉਹ ਡਰਾਈਵਰ ਹਾਦਸੇ ਤੋਂ ਪਹਿਲਾਂ ਕਈ ਵਾਰ ਇੰਗਲਿਸ਼ ਟੈੱਸਟ 'ਚ ਫ਼ੇਲ੍ਹ ਹੋ ਚੁੱਕਾ ਸੀ। ਪਰਵਾਸੀ ਡਰਾਈਵਰਾਂ ਹੱਥੋਂ ਹੋਏ ਇਨ੍ਹਾਂ ਹਾਦਸਿਆਂ ਕਾਰਨ ਹੀ ਅਮਰੀਕੀ ਪ੍ਰਸ਼ਾਸਨ ਡਰਾਈਵਿੰਗ ਨਿਯਮਾਂ ਨੂੰ ਹੋਰ ਸਖ਼ਤ ਕਰਨ ਜਾ ਰਿਹਾ ਹੈ।

Canada ਨੇ ਪਰਵਾਸੀਆਂ ਦੀ ਵਿਦੇਸ਼ੀ ਡਿਗਰੀ ਮਾਨਤਾ ਲਈ ਰੱਖਿਆ 97 ਮਿਲੀਅਨ ਡਾਲਰ

ਔਟਵਾ: ਕੈਨੇਡਾ ਦੀ ਸਰਕਾਰ ਪਰਵਾਸੀਆਂ ਦੀਆਂ ਵਿਦੇਸ਼ੀ ਡਿਗਰੀਆਂ ਅਤੇ ਪੇਸ਼ੇਵਰ ਪ੍ਰਮਾਣ ਪੱਤਰਾਂ ਦੀ ਮਾਨਤਾ ਪ੍ਰਕਿਰਿਆ ਨੂੰ ਤੇਜ਼ ਅਤੇ ਆਸਾਨ ਬਣਾਉਣ ਲਈ ਇੱਕ ਵੱਡਾ ਕਦਮ ਚੁੱਕਣ ਜਾ ਰਹੀ ਹੈ। ਆਉਣ ਵਾਲੇ ਸੰਘੀ ਬਜਟ 'ਚ, ਜਿਸ ਨੂੰ ਪੇਸ਼ ਕੀਤਾ ਜਾਣਾ ਹੈ, ਵਿਦੇਸ਼ੀ ਪ੍ਰਮਾਣ ਪੱਤਰ ਮਾਨਤਾ ਐਕਸ਼ਨ ਫ਼ੰਡ ਦੀ ਸਥਾਪਨਾ ਸ਼ਾਮਿਲ ਹੋਵੇਗੀ। ਇਹ ਪਹਿਲਕਦਮੀ ਅਗਲੇ ਪੰਜ ਸਾਲਾਂ ਦੌਰਾਨ 97 ਮਿਲੀਅਨ ਡਾਲਰ ਦੀ ਲਾਗਤ ਵਾਲੀ ਹੋਵੇਗੀ।

ਮੌਜੂਦਾ ਪ੍ਰਣਾਲੀ ਤਹਿਤ ਕਈ ਪਰਵਾਸੀਆਂ ਕੋਲ ਵਿਦੇਸ਼ੀ ਡਿਗਰੀਆਂ ਅਤੇ ਪੇਸ਼ੇਵਰ ਲਾਇਸੈਂਸ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਆਪਣੀਆਂ ਡਿਗਰੀਆਂ ਨੂੰ ਮਾਨਤਾ ਪ੍ਰਾਪਤ ਕਰਨ ਲਈ ਬਹੁਤ ਲੰਬੀ ਉਡੀਕ ਕਰਨੀ ਪੈਂਦੀ ਹੈ ਜਿਸ ਕਾਰਨ ਉਨ੍ਹਾਂ ਨੂੰ ਊਬਰ ਚਲਾਉਣ ਵਰਗੀਆਂ ਮਾਮੂਲੀ ਨੌਕਰੀਆਂ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ।

ਵਿੱਤ ਮੰਤਰਾਲੇ ਅਤੇ ਰਾਸ਼ਟਰੀ ਮਾਲੀਆ ਦੁਆਰਾ ਜਾਰੀ ਇੱਕ ਬਿਆਨ 'ਚ ਕਿਹਾ ਗਿਆ ਹੈ ਕਿ ਸਰਕਾਰ ਸੂਬਿਆਂ ਅਤੇ ਖੇਤਰਾਂ ਨਾਲ ਕੰਮ ਕਰੇਗੀ ਤਾਂ ਜੋ ਪ੍ਰਮਾਣ ਪੱਤਰਾਂ ਦੀ ਮਾਨਤਾ ਵਧੇਰੇ ਨਿਰਪੱਖ, ਤੇਜ਼ ਅਤੇ ਪਾਰਦਰਸ਼ੀ ਬਣਾਈ ਜਾ ਸਕੇ। ਇਸ ਐਕਸ਼ਨ ਫ਼ੰਡ ਦਾ ਮੁੱਖ ਉਦੇਸ਼ ਵਿਦੇਸ਼ਾਂ 'ਚ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਦੀ ਮਦਦ ਕਰਨਾ ਹੈ ਤਾਂ ਜੋ ਉਹ ਜਲਦੀ ਤੋਂ ਜਲਦੀ ਕੈਨੇਡਾ ਦੀ ਕਿਰਤ ਸ਼ਕਤੀ 'ਚ ਆਪਣਾ ਯੋਗਦਾਨ ਪਾ ਸਕਣ। ਇਹ ਫ਼ੰਡ ਖ਼ਾਸ ਤੌਰ 'ਤੇ ਸਿਹਤ ਸੰਭਾਲ ਅਤੇ ਨਿਰਮਾਣ ਵਰਗੇ ਉਨ੍ਹਾਂ ਖੇਤਰਾਂ 'ਤੇ ਕੇਂਦ੍ਰਿਤ ਹੋਵੇਗਾ ਜਿੱਥੇ ਕਿਰਤ ਸ਼ਕਤੀ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਭਾਵੇਂ ਪਹਿਲਾਂ ਹੀ ਵਿਦੇਸ਼ੀ ਪ੍ਰਮਾਣ ਪੱਤਰ ਮਾਨਤਾ ਪ੍ਰੋਗਰਾਮ ਮੌਜੂਦ ਹਨ, ਪਰ 97 ਮਿਲੀਅਨ ਡਾਲਰ ਦਾ ਇਹ ਨਵਾਂ ਐਕਸ਼ਨ ਫ਼ੰਡ ਖ਼ਾਸ ਉਦਯੋਗਾਂ 'ਤੇ ਜ਼ਿਆਦਾ ਧਿਆਨ ਕੇਂਦ੍ਰਿਤ ਕਰੇਗਾ। ਇਸ ਨਾਲ ਹਜ਼ਾਰਾਂ ਪਰਵਾਸੀਆਂ ਲਈ ਲਾਇਸੈਂਸਿੰਗ ਦੇ ਉਡੀਕ ਸਮੇਂ 'ਚ ਕਮੀ ਆਉਣ ਦੀ ਉਮੀਦ ਹੈ ਜਿਸ ਨਾਲ ਉਹ ਜਲਦੀ ਤੋਂ ਜਲਦੀ ਆਪਣੇ ਵਿਸ਼ੇਸ਼ ਖੇਤਰਾਂ 'ਚ ਕੰਮ ਕਰਨ ਦੇ ਯੋਗ ਹੋਣਗੇ।

ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਫ਼ੰਡਿੰਗ ਮੌਜੂਦਾ ਵਿਭਾਗੀ ਸਰੋਤਾਂ ਤੋਂ ਪ੍ਰਾਪਤ ਕੀਤੀ ਜਾਵੇਗੀ। ਇਹ ਬਜਟ ਅਰਥ-ਵਿਵਸਥਾ ਨੂੰ ਉਤਸ਼ਾਹਿਤ ਕਰਨ, ਕਾਮਿਆਂ ਨੂੰ ਸ਼ਕਤੀ ਪ੍ਰਦਾਨ ਕਰਨ, ਉੱਚ ਤਨਖ਼ਾਹ ਵਾਲੇ ਕਰੀਅਰ ਬਣਾਉਣ ਅਤੇ ਵਪਾਰਕ ਰੁਕਾਵਟਾਂ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ 'ਤੇ ਕੇਂਦ੍ਰਿਤ ਹੈ।

12 Beds, 7 Baths
For 24 Guests
905-965-4644

KEY CUTTING AND PROGRAMMING
236-999-7980

12 Beds, 7 Baths
For 24 Guests
905-965-4644

ਸਸਤਾ ਹਵਾਈ ਸਫ਼ਰ
604-217-4114

ਬੈੱਡ ਬੱਗਜ਼ ਖ਼ਤਮ
604-999-7378

ਡਾਲਰ ਦਾ ਵਧੀਆ ਰੇਟ?
778-246-2500

ਵਿਜ਼ਟਰ ਇੰਸ਼ੋਰੈਂਸ
778-317-6262

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
ਵਧੀਆ ਰੇਟ 'ਤੇ
604-562-7000

ਮਰਦਾਨਾ ਕਮਜ਼ੋਰੀ
416-992-5489

ਵਿਸ਼ਵ ਚੈਂਪੀਅਨ ਭਾਰਤੀ ਮਹਿਲਾ ਟੀਮ ਲਈ ਵਿਕਟਰੀ ਪਰੇਡ ਹੋਵੇਗੀ ਜਾਂ ਨਹੀਂ ?

ਮੁੰਬਈ: ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਪਹਿਲੀ ਵਾਰ ICC ਮਹਿਲਾ ਵਨਡੇ ਵਿਸ਼ਵ ਕੱਪ ਦਾ ਖ਼ਿਤਾਬ ਆਪਣੇ ਨਾਂ ਕੀਤਾ ਹੈ ਹਾਲਾਂਕਿ ਉਸ ਇਤਿਹਾਸਕ ਜਿੱਤ ਤੋਂ ਬਾਅਦ ਵਿਕਟਰੀ ਪਰੇਡ ਦਾ ਆਯੋਜਨ ਅਜੇ ਨਹੀਂ ਕੀਤਾ ਜਾਵੇਗਾ। ਰਿਪੋਰਟਾਂ ਅਨੁਸਾਰ ICC ਦੀ ਮੀਟਿੰਗ 7 ਨਵੰਬਰ ਨੂੰ ਦੁਬਈ 'ਚ ਸਮਾਪਤ ਹੋਵੇਗੀ ਅਤੇ ਉਸ ਤੋਂ ਬਾਅਦ ਹੀ BCCI ਦੇ ਸੀਨੀਅਰ ਅਧਿਕਾਰੀ ਭਾਰਤ ਵਾਪਿਸ ਆਉਣਗੇ ਜਿਸ ਦੇ ਚਲਦੇ ਵਿਕਟਰੀ ਪਰੇਡ ਨਹੀਂ ਹੋਵੇਗੀ।

ਦੱਸ ਦੇਈਏ ਕਿ ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਐਤਵਾਰ ਨੂੰ DY Patil Stadium 'ਚ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਹਰਮਨਪ੍ਰੀਤ ਕੌਰ ਦੀ ਟੀਮ ਨੇ ਆਪਣੀ ਪਹਿਲੀ ਵਿਸ਼ਵ ਕੱਪ ਟਰਾਫ਼ੀ ਜਿੱਤ ਲਈ ਸੀ, ਪਰ ਜਸ਼ਨ ਲਈ ਟੀਮ ਨੂੰ ਹਾਲੇ ਥੋੜ੍ਹਾ ਇੰਤਜ਼ਾਰ ਕਰਨਾ ਪਵੇਗਾ।

ਮੀਡੀਆ ਰਿਪੋਰਟਾਂ ਅਨੁਸਾਰ ਭਾਰਤੀ ਕ੍ਰਿਕਟ ਕੰਟਰੋਲ ਬੋਰਡ (2339) ਨੇ ਪੁਸ਼ਟੀ ਕੀਤੀ ਹੈ ਕਿ ਕੋਈ ਜਿੱਤ ਦਾ ਜਲੂਸ ਨਹੀਂ ਹੋਵੇਗਾ। ਜਦੋਂ ਪੁਰਸ਼ ਟੀਮ ਨੇ 11 ਸਾਲਾਂ ਦੇ ਟਰਾਫ਼ੀ ਰਹਿਤ ਸੋਕੇ ਨੂੰ ਖ਼ਤਮ ਕਰਦੇ ਹੋਏ 2024 T20 ਵਿਸ਼ਵ ਕੱਪ ਜਿੱਤਿਆ ਤਾਂ ਜਿੱਤ ਦਾ ਜਸ਼ਨ ਮੁੰਬਈ 'ਚ ਇੱਕ ਓਪਨ-ਬੱਸ ਜਿੱਤ ਜਲੂਸ 'ਚ ਮਨਾਇਆ ਗਿਆ ਸੀ ਜੋ ਵਾਨਖੇੜੇ ਸਟੇਡੀਅਮ 'ਚ ਸਮਾਪਤ ਹੋਇਆ ਸੀ, ਪਰ ਮਹਿਲਾ ਟੀਮ ਨੂੰ ਇਹ ਮੌਕਾ ਨਹੀਂ ਮਿਲੇਗਾ, ਘੱਟੋ ਘੱਟ ਹਾਲੇ ਨਹੀਂ।

ICC ਬੈਠਕ ਤੋਂ ਬਾਅਦ BCCI ਬਣਾਏਗਾ ਪ੍ਰੋਗਰਾਮ: ਅੰਤਰਰਾਸ਼ਟਰੀ ਕ੍ਰਿਕਟ ਕੌਂਸਲ (ICC) ਦੀ ਮੀਟਿੰਗ ਪਹਿਲਾਂ ਹੀ 4 ਤੋਂ 7 ਨਵੰਬਰ ਤਕ ਦੁਬਈ 'ਚ ਹੋ ਰਹੀ ਹੈ, ਇਸ ਲਈ BCCI ਇਸ ਸਮੇਂ ਇਸ 'ਤੇ ਧਿਆਨ ਕੇਂਦ੍ਰਿਤ ਕਰ ਰਿਹਾ ਹੈ। ਮੀਟਿੰਗ ਤੋਂ ਬਾਅਦ ਜਸ਼ਨਾਂ ਦੀ ਯੋਜਨਾ ਬਣਾਈ ਜਾ ਸਕਦੀ ਹੈ। BCCI ਨੇ ਖਿਡਾਰੀਆਂ, ਕੋਚਾਂ ਅਤੇ ਸਹਾਇਕ ਸਟਾਫ਼ ਲਈ 51 ਕਰੋੜ ਰੁਪਏ ਦੇ ਇਨਾਮ ਦਾ ਐਲਾਨ ਪਹਿਲਾਂ ਹੀ ਕਰ ਦਿੱਤਾ ਹੈ।

Team India ਨੂੰ ਨਹੀਂ ਮਿਲੇਗੀ ਅਸਲੀ ਵਰਲਡ ਕੱਪ Trophy

ਨਵੀਂ ਦਿੱਲੀ: ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਪਹਿਲੀ ਵਾਰ ਵਿਸ਼ਵ ਕੱਪ ਜਿੱਤ ਕੇ ਇਤਿਹਾਸ ਰਚ ਦਿੱਤਾ। ਹਰਮਨਪ੍ਰੀਤ ਕੌਰ ਦੀ ਅਗਵਾਈ 'ਚ ਭਾਰਤ ਨੇ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾਇਆ। ਉਸ ਜਿੱਤ ਤੋਂ ਬਾਅਦ ਟੀਮ ਇੰਡੀਆ ਨੂੰ ਇੱਕ ਚਮਕਦਾਰ ਵਿਸ਼ਵ ਕੱਪ ਟਰਾਫ਼ੀ ਮਿਲੀ, ਪਰ 933 ਦੇ ਨਿਯਮਾਂ ਕਾਰਨ ਇਹ ਟਰਾਫ਼ੀ ਭਾਰਤੀ ਟੀਮ ਤੋਂ ਵਾਪਿਸ ਲੈ ਲਈ ਜਾਵੇਗੀ। 933 ਟੂਰਨਾਮੈਂਟ ਜਿੱਤਣ ਵਾਲੀ ਕਿਸੇ ਵੀ ਟੀਮ ਨੂੰ ਅਸਲ ਟਰਾਫ਼ੀ ਨਹੀਂ ਦਿੱਤੀ ਜਾਂਦੀ। ਉਸ ਦੀ ਬਜਾਏ ਉਨ੍ਹਾਂ ਨੂੰ ਇੱਕ ਡਮੀ ਜਾਂ ਪ੍ਰਤੀਕ੍ਰਿਤੀ ਟਰਾਫ਼ੀ ਦਿੱਤੀ ਜਾਂਦੀ ਹੈ। ਅਸਲ ਟਰਾਫ਼ੀ ਪ੍ਰਸਾਰਣ ਸਮਾਰੋਹ ਦੌਰਾਨ ਦਿੱਤੀ ਜਾਂਦੀ ਹੈ, ਅਤੇ ਫ਼ੋਟੋਸ਼ੂਟ ਤੋਂ ਬਾਅਦ ਉਹ 933 ਕੋਲ ਵਾਪਿਸ ਚਲੀ ਜਾਂਦੀ ਹੈ।

ਟਰਾਫ਼ੀ ਨੂੰ ਲੈ ਕੇ ਕੀ ਹੈ 933 ਦਾ ਨਿਯਮ: 933 ਨੇ 26 ਸਾਲ ਪਹਿਲਾਂ ਇੱਕ ਨਿਯਮ ਬਣਾਇਆ ਸੀ ਜਿਸ ਮੁਤਾਬਿਕ ਜਿੱਤਣ ਵਾਲੀ ਟੀਮ ਨੂੰ ਟਰਾਫ਼ੀ ਦਿੱਤੀ ਜਾਵੇਗੀ, ਅਤੇ ਉਹ ਉਸ ਨੂੰ ਫ਼ੋਟੋ ਸੈਸ਼ਨ ਅਤੇ ਵਿਕਟਰੀ ਪਰੇਡ 'ਚ ਇਸਤੇਮਾਲ ਕਰ ਸਕੇਗੀ, ਪਰ ਉਸ ਤੋਂ ਬਾਅਦ ਉਹ ਵਾਪਿਸ ਕਰਨੀ ਪਵੇਗੀ। 933 ਜੇਤੂ ਟੀਮ ਨੂੰ ਡਮੀ ਟਰਾਫ਼ੀ ਦਿੰਦੀ ਹੈ ਜੋ ਬਿਲਕੁਲ ਅਸਲੀ ਵਰਗੀ ਹੁੰਦੀ ਹੈ। ਉਸ 'ਚ ਸੋਨੇ ਅਤੇ ਚਾਂਦੀ ਦੀ ਵਰਤੋਂ ਵੀ ਹੁੰਦੀ ਹੈ। ਦੱਸ ਦੇਈਏ ਕਿ ਟਰਾਫ਼ੀ ਨੂੰ 933 ਦੇ ਦੁਬਈ ਹੈੱਡਕੁਆਟਰ 'ਚ ਰੱਖਿਆ ਜਾਂਦਾ ਹੈ। ਅਜਿਹਾ ਟਰਾਫ਼ੀ ਨੂੰ ਚੋਰੀ ਹੋਣ ਜਾਂ ਉਸ ਨੂੰ ਨੁਕਸਾਨ ਪਹੁੰਚਾਏ ਜਾਣ ਤੋਂ ਬਚਾਉਣ ਲਈ ਕੀਤਾ ਜਾਂਦਾ ਹੈ।

ਮਹਿਲਾ ਵਿਸ਼ਵ ਕੱਪ 2025 ਟਰਾਫ਼ੀ ਦੀ ਖ਼ਾਸੀਅਤ: ਮਹਿਲਾ ਵਿਸ਼ਵ ਕੱਪ 2025 ਦੀ ਟਰਾਫ਼ੀ ਦੀ ਗੱਲ ਕਰੀਏ ਤਾਂ ਉਸ ਦਾ ਭਾਰ 11 ਕਿਲੋਗ੍ਰਾਮ ਹੈ। ਉਸ ਦੀ ਉਚਾਈ ਲਗਭਗ 60 ਸੈਂਟੀਮੀਟਰ ਹੈ। ਇਹ ਚਾਂਦੀ ਅਤੇ ਸੋਨੇ ਦੀ ਬਣੀ ਹੋਈ ਹੈ। ਇਸ ਦੇ ਤਿੰਨ ਚਾਂਦੀ ਦੇ ਕਾਲਮ ਸਟੰਪ ਅਤੇ ਬੇਲਜ਼ ਵਰਗੇ ਹਨ। ਇਸ ਦਾ ਸਿਖਰ ਇੱਕ ਗੋਲ ਸੋਨੇ ਦਾ ਗਲੋਬ ਹੈ। ਟਰਾਫ਼ੀ 'ਚ ਸਾਰੇ ਸਮੇਂ ਦੇ ਜੇਤੂਆਂ ਦੇ ਨਾਮ ਵੀ ਹਨ। ਇਸ ਸਾਲ ਭਾਰਤ ਦਾ ਨਾਮ ਪਹਿਲੀ ਵਾਰ ਟਰਾਫ਼ੀ 'ਚ ਜੋੜਿਆ ਗਿਆ ਹੈ। ਮਹਿਲਾ ਵਿਸ਼ਵ ਕੱਪ ਦੇ 13 ਐਡੀਸ਼ਨ ਹੋ ਚੁੱਕੇ ਹਨ ਜਿਨ੍ਹਾਂ 'ਚ ਆਸਟ੍ਰੇਲੀਆ ਨੇ ਸੱਤ ਵਾਰ ਜਿੱਤ ਪ੍ਰਾਪਤ ਕੀਤੀ ਹੈ। ਇੰਗਲੈਂਡ ਨੇ ਚਾਰ ਖ਼ਿਤਾਬ ਜਿੱਤੇ ਹਨ ਜਦੋਂ ਕਿ ਨਿਊ ਜ਼ੀਲੈਂਡ ਅਤੇ ਭਾਰਤ ਨੇ ਇੱਕ-ਇੱਕ ਜਿੱਤਿਆ ਹੈ।

ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਕਰ ਰਿਹੈ ਪਾਕਿਸਤਾਨ - Trump

ਨਿਊ ਯੌਰਕ: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਹੈਰਾਨ ਕਰਨ ਵਾਲਾ ਦਾਅਵਾ ਕੀਤਾ ਕਿ ਪਾਕਿਸਤਾਨ, ਰੂਸ ਅਤੇ ਚੀਨ ਸਮੇਤ ਕਈ ਦੇਸ਼ ਗੁਪਤ ਰੂਪ 'ਚ ਅੰਡਰਗਰਾਊਂਡ ਪ੍ਰਮਾਣੂ ਪ੍ਰੀਖਣ ਕਰ ਰਹੇ ਹਨ ਜਿਨ੍ਹਾਂ ਬਾਰੇ ਜਨਤਾ ਨੂੰ ਪਤਾ ਹੀ ਨਹੀਂ। ਇਸ ਦੇ ਜਵਾਬ 'ਚ ਟਰੰਪ ਨੇ ਐਲਾਨ ਕੀਤਾ ਕਿ ਸੰਯੁਕਤ ਰਾਜ ਅਮਰੀਕਾ ਵੀ ਹੁਣ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਸ਼ੁਰੂ ਕਰਨ ਜਾ ਰਿਹਾ ਹੈ।

ਇੱਕ ਇੰਟਰਵਿਊ 'ਚ ਟਰੰਪ ਨੇ ਦੋਸ਼ ਲਾਇਆ ਕਿ ਰੂਸ ਤੇ ਚੀਨ ਲੁਕ-ਛਿਪ ਕੇ ਪ੍ਰਮਾਣੂ ਪ੍ਰੀਖਣ ਕਰ ਰਹੇ

ਡਾਲਰ ਦਾ ਵਧੀਆ ਰੇਟ? 778-246-2500
ਵਿਜ਼ਟਰ ਇੰਸ਼ੋਰੈਂਸ 778-317-6262
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
KEY CUTTING AND PROGRAMMING 236-999-7980
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
ਬੈੱਡ ਬੱਗਜ਼ ਖ਼ਤਮ 604-999-7378
12 Beds, 7 Baths For 24 Guests 905-965-4644

ਰੂਹ ਦੀ ਖ਼ੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਜਦੋਂ ਤੁਹਾਨੂੰ ਕੋਈ ਵਿਚਾਰ ਆਉਂਦਾ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦੈ ? ਉਸ 'ਤੇ ਵਿਸ਼ਵਾਸ ? ਉਸ 'ਤੇ ਸਵਾਲ ? ਉਸ 'ਤੇ ਅਮਲ ? ਉਸ ਨਾਲ ਬਹਿਸ ? ਉਸ ਨੂੰ ਬਦਲਨਾ ? ਸਾਡੇ ਸਾਰੇ ਵਿਚਾਰ ਆਉਂਦੇ ਕਿੱਥੋਂ ਹਨ ? ਕੀ ਉਹ ਸਾਰੇ ਇੱਕੋ ਥਾਂ ਤੋਂ ਆਉਂਦੇ ਨੇ ? ਤੁਸੀਂ ਜਾਣੇ-ਪਛਾਣੇ ਮੁੱਦਿਆਂ ਅਤੇ ਸਥਿਤੀਆਂ ਨੂੰ ਦੇਖਣ ਦੇ ਨਵੇਂ ਤਰੀਕੇ ਲੱਭ ਰਹੇ ਹੋ। ਹਰ ਇੱਕ ਢੰਗ ਨੂੰ ਸਕਾਰਾਤਮਕ ਰੌਸ਼ਨੀ 'ਚ ਦੇਖਣ ਲਈ ਖੁੱਲ੍ਹੇ ਦਿਮਾਗ਼ ਵਾਲੇ ਬਣੋ। ਪਰ ਆਪਣੀਆਂ ਆਲੋਚਨਾਤਮਕ ਯੋਗਤਾਵਾਂ ਨੂੰ ਭੁੱਲੋ ਨਾ। ਕੁਝ ਵਿਚਾਰ ਅਨਘੜ੍ਹ ਹੀਰਿਆਂ ਵਾਂਗ ਹੁੰਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਅਸਲੀ ਮੁੱਲ ਦੇ ਬਣਾਉਣ ਤੋਂ ਪਹਿਲਾਂ ਸੁਧਾਰਣ ਅਤੇ ਪੌਲਿਸ਼ ਕਰਨ ਦੀ ਲੋੜ ਪੈਂਦੀ ਹੈ।

ਗੁਆਂਢੀ ਕੀ ਸੋਚਣਗੇ ? ਤੁਹਾਡੇ ਸਹਿ-ਕਰਮੀ ਅਤੇ ਸਾਥੀ ਤੁਹਾਡੇ ਬਾਰੇ ਕੀ ਸੋਚਦੇ ਹੋਣਗੇ ? ਕੀ ਤੁਸੀਂ ਆਪਣੀ ਸਾਖ ਬਾਰੇ ਚਿੰਤਤ ਨਹੀਂ ? ਜਦੋਂ ਅਸੀਂ ਆਪਣੇ ਫ਼ੈਸਲੇ ਸਿਰਫ਼ ਇਸ ਆਧਾਰ 'ਤੇ ਲੈਂਦੇ ਹਾਂ ਕਿ ਦੂਸਰੇ ਉਨ੍ਹਾਂ ਨੂੰ ਮਨਜ਼ੂਰੀ ਦੇਣਗੇ ਜਾਂ ਨਹੀਂ, ਅਸੀਂ ਖ਼ੁਦ ਆਪਣਾ ਮੁੱਲ ਘਟਾ ਰਹੇ ਹੁੰਦੇ ਹਾਂ। ਇਹ ਖ਼ਾਸ ਤੌਰ 'ਤੇ ਉਨ੍ਹਾਂ ਚੋਣਾਂ ਬਾਰੇ ਸੱਚ ਹੈ ਜੋ ਤੁਹਾਨੂੰ ਹੁਣ ਆਪਣੇ ਭਾਵਨਾਤਮਕ ਜਾਂ ਪਰਿਵਾਰਕ ਜੀਵਨ 'ਚ ਵਾਪਰ ਰਹੀਆਂ ਘਟਨਾਵਾਂ ਸੰਬੰਧੀ ਕਰਨੀਆਂ ਚਾਹੀਦੀਆਂ ਹਨ। ਤੁਹਾਨੂੰ ਇਸ ਗੱਲ ਤੋਂ ਜਾਣੂ ਹੋਣ ਦੀ ਜ਼ਰੂਰਤ ਹੈ ਕਿ ਲੋਕ ਕੀ ਸੋਚ ਸਕਦੇ ਹਨ। ਪਰ ਇਹ ਗੱਲ ਧਿਆਨ 'ਚ ਰੱਖਣਾ ਇੱਕ ਚੀਜ਼ ਹੈ, ਅਤੇ ਉਸ ਨੂੰ ਆਪਣੇ ਆਪ ਨੂੰ ਕਿਸੇ ਹੱਕ ਤੋਂ ਵਾਂਝੇ ਰੱਖਣ ਦਾ ਇੱਕ ਕਾਰਨ ਬਣਨ ਦੇਣਾ ਬਿਲਕੁਲ ਦੂਜੀ।

ਜਦੋਂ ਚੰਗੇ ਸਮੇਂ ਆਉਂਦੇ ਨੇ ਤਾਂ ਅਸੀਂ ਜਲਦੀ ਹੀ ਮਾੜੇ ਸਮੇਂ ਬਾਰੇ ਸਭ ਕੁਝ ਭੁੱਲ ਜਾਂਦੇ ਹਾਂ। ਅਤੇ ਜਦੋਂ ਸਮਾਂ ਔਖਾ ਹੁੰਦੈ ? ਅਜੀਬ ਗੱਲ ਹੈ ਕਿ ਸਾਨੂੰ ਡਰ ਲੱਗਣ ਲੱਗ ਪੈਂਦਾ ਹੈ ਕਿ ਇਹ ਹਮੇਸ਼ਾ ਇਸੇ ਤਰ੍ਹਾਂ ਦਾ ਹੀ ਰਿਹੈ, ਅਤੇ ਸਾਡੀਆਂ ਸਭ ਤੋਂ ਖ਼ੁਸ਼ਹਾਲ ਯਾਦਾਂ ਵੀ ਸ਼ਾਇਦ ਅਚਾਨਕ ਲੱਗਾ ਕੋਈ ਤੁੱਕਾ ਹੀ ਹੋਣਗੀਆਂ। ਸਾਨੂੰ ਕਦੇ ਵੀ ਚੀਜ਼ਾਂ ਦੇ ਦੁਬਾਰਾ ਸੁਧਰਨ ਦੀ ਉਮੀਦ ਕਿਓਂ ਕਰਨੀ ਚਾਹੀਦੀ ਹੈ ? ਨਿਰਾਸ਼ ਮਹਿਸੂਸ ਕਰਨ ਦੇ ਤੁਹਾਡੇ ਕਾਰਨ ਇਸ ਵਕਤ ਕਾਫ਼ੀ ਹੱਦ ਤਕ ਸਮਝ 'ਚ ਆਉਂਦੇ ਹਨ। ਪਰ ਉਨ੍ਹਾਂ ਨੂੰ ਤੁਹਾਡੀਆਂ ਭਵਿੱਖੀ ਸੰਭਾਵਨਾਵਾਂ ਦੇ ਭਰੋਸੇਯੋਗ ਸੂਚਕਾਂ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਜਿੱਥੇ ਵੀ ਚੀਜ਼ਾਂ 'ਚ ਗਿਰਾਵਟ ਆਈ ਹੈ, ਉਹ ਜਲਦੀ ਹੀ ਉੱਪਰ ਵੱਲ ਨੂੰ ਜਾਣਾ ਸ਼ੁਰੂ ਕਰ ਦੇਣਗੀਆਂ।

ਜੇਕਰ ਤੁਸੀਂ ਉੱਡ ਸਕਦੇ ਹੁੰਦੇ, ਕੇਵਲ ਆਪਣੀਆਂ ਬਾਹਾਂ ਨੂੰ ਥੋੜ੍ਹਾ ਜਿਹਾ ਫ਼ੜਫ਼ੜਾ ਕੇ ਅਤੇ ਹਲਕੇ ਵਿਚਾਰ ਸੋਚ ਕੇ, ਤਾਂ ਤੁਹਾਨੂੰ ਕਿਸੇ ਹਵਾਈ ਅੱਡੇ 'ਤੇ ਜਾਣ ਦੀ ਕੀ ਲੋੜ ਪੈਣੀ ਸੀ ? ਜੇ ਤੁਸੀਂ ਪਾਣੀ ਨੂੰ ਸ਼ਰਾਬ 'ਚ ਤਬਦੀਲ ਕਰ ਸਕਦੇ ਤਾਂ ਤੁਸੀਂ ਆਪਣਾ ਖ਼ੁਦ ਦਾ ਇੱਕ ਬਾਰ ਨਾ ਖੋਲ੍ਹ ਲੈਂਦੇ ? ਮੈਂ ਇਹ ਇਸ ਲਈ ਕਹਿ ਰਿਹਾਂ ਕਿਓਂਕਿ ਤੁਹਾਡੇ ਕੋਲ ਹੁਣ ਸੱਚਮੁੱਚ ਇੱਕ ਸ਼ਕਤੀ ਹੈ। ਉਹ, ਆਪਣੇ ਇੱਕ ਖ਼ਾਸ ਢੰਗ ਨਾਲ, ਉਪ੍ਰੋਕਤ ਉਦਾਹਰਣਾਂ 'ਚੋਂ ਕਿਸੇ ਇੱਕ ਵਾਂਗ ਹੀ ਜਾਦੂਈ ਯੋਗਤਾ ਰੱਖਦੀ ਹੈ। ਇਸ ਲਈ, ਇਹ ਥੋੜ੍ਹੇ ਜਿਹੇ ਵਿਤਕਰੇ ਅਤੇ ਵਿਚਾਰ ਦੀ ਹੱਕਦਾਰ ਹੈ। ਤੁਹਾਨੂੰ ਇਸ ਦੀ ਵਰਤੋਂ ਕਿਸ ਲਈ ਕਰਨੀ ਚਾਹੀਦੀ ਹੈ ? ਪਹੀਏ ਨੂੰ ਦੁਬਾਰਾ ਇਜਾਦ ਕਰਨ ਦੀ ਲੋੜ ਨਹੀਂ। ਆਪਣੀ ਜ਼ਿੰਦਗੀ 'ਚ, ਉਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਕੋਸ਼ਿਸ਼ ਨਾ ਕਰੋ ਜੋ ਅਸਲ 'ਚ ਸਮੱਸਿਆਵਾਂ ਹੈ ਹੀ ਨਹੀਂ ਅਤੇ ਜਿਨ੍ਹਾਂ ਨੂੰ ਹੱਲ ਕਰਨ ਦੀ ਕੋਈ ਲੋੜ ਨਹੀਂ।

ਚੰਗਾ ਮਹਿਸੂਸ ਕਰਨਾ ਹਮੇਸ਼ਾ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਤੁਹਾਡੇ ਕੋਲ ਕੀ ਹੈ - ਜਾਂ ਤੁਸੀਂ ਆਪਣੇ ਲਈ ਚੀਜ਼ਾਂ ਕਿਸ ਢੰਗ ਨਾਲ ਚਲਾ ਰਹੇ ਹੋ। ਕਈ ਵਾਰ, ਇਹ ਇਸ ਨਾਲ ਜੁੜਿਆ ਹੁੰਦੈ ਕਿ ਤੁਸੀਂ ਕਿੰਨੀ ਘੱਟ ਪਰਵਾਹ ਕਰਦੇ ਹੋ! ਤੁਸੀਂ ਜ਼ਿੰਦਗੀ 'ਚ ਲੱਖਾਂ ਚੀਜ਼ਾਂ ਗੁਆ ਸਕਦੇ ਹੋ, ਪਰ ਜੇ ਤੁਸੀਂ ਉਸ ਇੱਕ ਚੀਜ਼ ਬਾਰੇ ਕਾਫ਼ੀ ਖ਼ੁਸ਼ ਹੋ ਜੋ ਤੁਹਾਡੇ ਕੋਲ ਅਸਲ 'ਚ ਹੈ ਤਾਂ ਬਾਕੀ ਦੀਆਂ ਸ਼ੈਵਾਂ ਕੋਈ ਮਾਇਨੇ ਨਹੀਂ ਰਖਦੀਆਂ। ਕਈ ਵਾਰ, (ਉਦਾਹਰਣ ਵਜੋਂ, ਜਦੋਂ ਅਸੀਂ ਇੱਕ ਪੁਰਾਣੀ ਬੁਰੀ ਆਦਤ ਨੂੰ ਘਟਾਉਣ ਜਾਂ ਛੱਡਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ) ਸੰਤੁਸ਼ਟੀ ਸਿੱਧੇ ਤੌਰ 'ਤੇ ਉਸ ਚੀਜ਼ 'ਚ ਹਿੱਸਾ ਨਾ ਲੈਣ ਦੀ ਯੋਗਤਾ ਲੱਭਣ ਨਾਲ ਜੁੜੀ ਹੁੰਦੀ ਹੈ ਜੋ ਅਸੀਂ ਪਸੰਦ ਕਰਦੇ ਹਾਂ ਅਤੇ ਪ੍ਰਾਪਤ ਕਰ ਸਕਦੇ ਹਾਂ! ਇਸ ਨੂੰ ਆਪਣੀ ਜ਼ਿੰਦਗੀ 'ਚ ਯਾਦ ਰੱਖੋ, ਅਤੇ ਆਪਣਾ ਹੱਥ ਥੋੜ੍ਹਾ ਹੌਲਾ ਰੱਖੋ।

ਅਸਥਾਈ ਨਿਵਾਸੀਆਂ ਵਜੋਂ Indians ਦੀ ਆਮਦ 'ਚ ਭਾਰੀ ਗਿਰਾਵਟ

ਸਰੀ: ਐਸੋਸੀਏਸ਼ਨ ਫ਼ੌਰ ਕੈਨੇਡੀਅਨ ਸਟੱਡੀਜ਼ ਦੁਆਰਾ ਜਾਰੀ ਕੀਤੀ ਗਈ ਅਕਤੂਬਰ ਦੀ ਇਮੀਗ੍ਰੇਸ਼ਨ ਰਿਪੋਰਟ ਅਨੁਸਾਰ ਇਸ ਸਾਲ ਅਸਥਾਈ ਨਿਵਾਸੀਆਂ ਦੀ **Canada** ਆਮਦ ਦੀ ਗਿਣਤੀ 'ਚ ਕਮੀ ਆਉਣ ਦੇ ਬਾਵਜੂਦ, ਇਹ ਗਿਣਤੀ ਅਜੇ ਵੀ ਕੈਨੇਡੀਅਨ ਸਰਕਾਰ ਦੇ ਨਿਰਧਾਰਿਤ ਟੀਚਿਆਂ ਨੂੰ ਪਾਰ ਕਰ ਸਕਦੀ ਹੈ।

2025 ਲਈ ਸਾਰੇ ਅਸਥਾਈ ਨਿਵਾਸੀਆਂ ਦੀ ਆਮਦ ਲਈ ਵਿਆਪਕ ਟੀਚਾ 673,650 ਨਿਰਧਾਰਿਤ ਕੀਤਾ ਗਿਆ ਸੀ। ਰਿਪੋਰਟ 'ਚ ਦਲੀਲ ਦਿੱਤੀ ਗਈ ਹੈ ਕਿ ਇੰਟਰਨੈਸ਼ਨਲ ਮੋਬਿਲਿਟੀ ਪ੍ਰੋਗਰਾਮ (**IMP**) ਅਤੇ ਟੈਂਪਰੇਰੀ ਫ਼ੌਰਨ ਵਰਕਰ ਪ੍ਰੋਗਰਾਮ (**TFWP**) ਦੋਵੇਂ ਅਨੁਮਾਨਾਂ ਤੋਂ ਅੱਗੇ ਚੱਲ ਰਹੇ ਹਨ।ਜਨਵਰੀ ਤੋਂ ਜੂਨ 2024 ਦੇ ਮੁਕਾਬਲੇ 2025 'ਚ ਅਸਥਾਈ ਨਿਵਾਸੀਆਂ ਵਜੋਂ ਆਉਣ ਵਾਲੇ ਭਾਰਤੀਆਂ ਦੀ ਗਿਣਤੀ 'ਚ 14 ਫ਼ੀਸਦੀ ਦੀ ਗਿਰਾਵਟ ਆਈ ਹੈ। ਇਹ ਗਿਣਤੀ 2024 ਦੇ ਪਹਿਲੇ ਛੇ ਮਹੀਨਿਆਂ 'ਚ 109,125 ਤੋਂ ਘਟ ਕੇ 2025 ਦੀ ਇਸੇ ਮਿਆਦ 'ਚ 94,010 ਹੋ ਗਈ। ਨਵੇਂ ਸਟੱਡੀ ਪਰਮਿਟ ਧਾਰਕਾਂ ਦੀ ਸ਼੍ਰੇਣੀ 'ਚ ਸਭ ਤੋਂ ਵੱਧ ਗਿਰਾਵਟ ਦੇਖਣ ਨੂੰ ਮਿਲੀ ਹੈ। ਭਾਰਤੀਆਂ ਨੂੰ ਇਸ ਸ਼੍ਰੇਣੀ 'ਚ 52.3 ਫ਼ੀਸਦੀ ਦੀ ਤੇਜ਼ ਗਿਰਾਵਟ ਦਾ ਸਾਹਮਣਾ ਕਰਨਾ ਪਿਆ ਹੈ ਜੋ ਕਿ 99,950 ਤੋਂ ਘਟ ਕੇ 47,695 ਰਹਿ ਗਈ।

ਇਸ ਦੌਰਾਨ ਦਾਖ਼ਲਾ 26.4 ਫ਼ੀਸਦੀ ਘਟ ਕੇ 302,280 ਹੋ ਗਿਆ ਹੈ ਜੋ ਕਿ ਸਾਲ 2024 'ਚ 410,825 ਸੀ ਜਦ ਕਿ ਨਵੇਂ ਸਟੱਡੀ ਪਰਮਿਟ ਧਾਰਕਾਂ ਦੀ ਗਿਣਤੀ 38.8 ਫ਼ੀਸਦੀ ਘਟ ਕੇ 149,860 ਰਹਿ ਗਈ। **ਠੱਾਫ** ਲਈ ਗਿਣਤੀ 'ਚ 3.8 ਫ਼ੀਸਦੀ ਦੀ ਮਾਮੂਲੀ ਕਮੀ ਆਈ ਹੈ ਜੋ ਕਿ 109,310 ਤੋਂ ਘਟ ਕੇ 105,195 ਹੋ ਗਈ ਹੈ।ਇਮੀਗ੍ਰੇਸ਼ਨ, ਰੈਫ਼ਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (**IRCC**) ਨੇ ਕਿਹਾ ਹੈ ਕਿ ਉਹ ਇਮੀਗ੍ਰੇਸ਼ਨ ਨੂੰ ਸਥਾਈ ਪੱਧਰ 'ਤੇ ਵਾਪਿਸ ਲਿਆਉਣ ਲਈ ਵਚਨਬੱਧ ਹੈ ਜਿਸ 'ਚ ਕੈਨੇਡਾ ਦੀ ਅਸਥਾਈ ਆਬਾਦੀ ਨੂੰ ਪੰਜ ਫ਼ੀਸਦੀ ਤੋਂ ਘੱਟ ਕਰਨਾ ਸ਼ਾਮਿਲ ਹੈ। ਸਰਕਾਰ ਇਸ ਮਹੀਨੇ ਆਪਣੀ ਇਮੀਗ੍ਰੇਸ਼ਨ ਪੱਧਰ ਦੀ ਯੋਜਨਾ ਜਾਰੀ ਕਰੇਗੀ ਅਤੇ ਮੌਜੂਦਾ ਭਾਵਨਾ ਦੇ ਮੱਦੇਨਜ਼ਰ ਅਗਲੇ ਸਾਲਾਂ ਲਈ ਨਵੇਂ ਆਉਣ ਵਾਲਿਆਂ ਦੀ ਗਿਣਤੀ ਘਟਾਉਣ ਦੀ ਸੰਭਾਵਨਾ ਹੈ।

ਕੈਨੇਡਾ ਦਾ ਨਵਾਂ ਬਜਟ



ਔਟਵਾ: ਕੈਨੇਡਾ ਦੇ ਵਿੱਤ ਮੰਤਰੀ ਫ਼ਰਾਂਸੋਆ-ਫ਼ਿਲਿਪ ਸ਼ੈਂਪੇਨ ਨੇ ਅਪਣਾ ਪਹਿਲਾ ਫ਼ੈਡਰਲ ਬਜਟ ਪੇਸ਼ ਕੀਤਾ ਜਿਸ 'ਚ ਇੱਕ ਪਾਸੇ ਆਰਥਿਕ ਝਟਕਿਆਂ ਨਾਲ ਜੂਝ ਰਹੀ ਅਰਥਵਿਵਸਥਾ ਨੂੰ ਸੰਭਾਲਣ ਲਈ ਵੱਡੇ ਖ਼ਰਚੇ ਸ਼ਾਮਿਲ ਹਨ, ਅਤੇ ਦੂਜੇ ਪਾਸੇ ਸਰਕਾਰੀ ਖ਼ਰਚੇ ਘਟਾ ਕੇ ਵਿੱਤੀ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਬਜਟ ਅਨੁਸਾਰ ਇਮੀਗ੍ਰੇਸ਼ਨ 'ਚ ਵੱਡੀ ਕਟੌਤੀ ਕੀਤੀ ਜਾਵੇਗੀ। ਅਸਥਾਈ ਨਿਵਾਸੀ ਜਿਵੇਂ ਕਿ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਦੀ ਗਿਣਤੀ ਲਗਭਗ 50 ਫ਼ੀ ਸਦੀ ਘਟਾਈ ਜਾਵੇਗੀ। ਸਰਕਾਰੀ ਬਿਊਰੋਕਰੇਸੀ 'ਚ ਕਰੀਬ 40 ਹਜ਼ਾਰ ਨੌਕਰੀਆਂ ਦੀ ਕਟੌਤੀ, ਸਵੈ-ਇੱਛਕ ਰਿਟਾਇਰਮੈਂਟ ਅਤੇ ਕੁਦਰਤੀ ਤੌਰ 'ਤੇ ਖ਼ਾਲੀ ਹੋਈਆਂ ਅਸਾਮੀਆਂ ਨਾ ਭਰਨ ਰਾਹੀਂ।

ਹਾਲਾਂਕਿ ਕੈਨੇਡਾ ਹੁਨਰਮੰਦ ਕਾਮਿਆਂ ਨੂੰ ਆਕਰਸ਼ਿਤ ਕਰਨ ਅਤੇ ਅਪਣੇ ਨਵੀਆਂ ਖੋਜਾਂ ਦੇ ਵਾਤਾਵਰਣ ਨੂੰ ਮਜ਼ਬੂਤ ਕਰਨ ਲਈ ਇੱਕ ਵਿਆਪਕ ਰਣਨੀਤੀ ਦੇ ਹਿੱਸੇ ਵਜੋਂ **H-1B** ਵੀਜ਼ਾ ਧਾਰਕਾਂ ਲਈ ਇੱਕ ਤੇਜ਼ ਇਮੀਗ੍ਰੇਸ਼ਨ ਮਾਰਗ ਪੇਸ਼ ਕਰ ਰਿਹਾ ਹੈ। ਇਹ ਪਹਿਲ ਹਾਲ ਹੀ 'ਚ ਅਮਰੀਕਾ ਦੇ **H-1B** ਫ਼ੀਸ ਵਾਧੇ ਤੋਂ ਪ੍ਰਭਾਵਤ ਪੇਸ਼ੇਵਰਾਂ ਨੂੰ ਆਕਰਸ਼ਿਤ ਕਰਨ ਅਤੇ ਸਿਹਤ ਸੰਭਾਲ, ਖੋਜ ਅਤੇ ਉੱਨਤ ਤਕਨਾਲੋਜੀ ਵਰਗੇ ਉੱਚ ਮੰਗ ਵਾਲੇ ਖੇਤਰਾਂ 'ਚ ਲੇਬਰ ਪਾੜੇ ਨੂੰ ਭਰਨ ਲਈ ਸ਼ੁਰੂ ਕੀਤੀ ਗਈ ਹੈ।

ਯੋਜਨਾ ਤਹਿਤ ਕੈਨੇਡਾ ਇੱਕ ਹਜ਼ਾਰ ਤੋਂ ਵੱਧ ਕੌਮਾਂਤਰੀ ਖੋਜਕਰਤਾਵਾਂ ਦੀ ਭਰਤੀ ਕਰਨ ਲਈ ਇੱਕ ਵਾਰ ਦੀ ਪਹਿਲ ਕਰੇਗਾ ਜਿਸ ਨੂੰ 1.7 ਅਰਬ ਕੈਨੇਡੀਅਨ ਡਾਲਰਜ਼ ਤਕ ਦੇ ਫ਼ੰਡਿੰਗ ਪੈਕੇਜ ਦੀ ਸਹਾਇਤਾ ਦਿਤੀ ਜਾਵੇਗੀ। ਇਹ ਨਿਵੇਸ਼ ਕੈਨੇਡਾ ਦੀਆਂ ਯੂਨੀਵਰਸਿਟੀਆਂ ਨੂੰ ਚੋਟੀ ਦੀ ਗਲੋਬਲ ਪ੍ਰਤਿਭਾ ਨੂੰ ਕਿਰਾਏ 'ਤੇ ਲੈਣ ਅਤੇ ਉਨ੍ਹਾਂ ਨੂੰ ਅਤਿ-ਆਧੁਨਿਕ ਖੋਜ ਲਈ ਲੋੜੀਂਦੇ ਸਾਧਨ ਪ੍ਰਦਾਨ ਕਰਨ 'ਚ ਸਹਾਇਤਾ ਕਰੇਗਾ।

ਸ਼ੈਂਪੇਨ ਦੇ ਬਜਟ ਅਨੁਸਾਰ 2025-26 ਦੇ ਵਿੱਤੀ ਸਾਲ ਲਈ ਘਾਟਾ ਲਗਭਗ 78 ਬਿਲੀਅਨ ਡਾਲਰ ਹੋਵੇਗਾ ਜੋ ਕੁੱਝ ਅਰਥਸ਼ਾਸਤਰੀਆਂ ਦੀ ਉਮੀਦ ਨਾਲੋਂ ਘੱਟ ਹੈ, ਪਰ ਫ਼ਿਰ ਵੀ ਉਸ ਅੰਕ ਨਾਲੋਂ ਕਾਫ਼ੀ ਵੱਧ ਹੈ ਜੋ ਪਿਛਲੀ ਲਿਬਰਲ ਸਰਕਾਰ ਨੇ ਦਸਿਆ ਸੀ ਜਦੋਂ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਅਪਣੀ ਵਪਾਰਕ ਜੰਗ ਸ਼ੁਰੂ ਕੀਤੀ ਸੀ। ਕੁਲ ਮਿਲਾ ਕੇ, ਇਸ ਬਜਟ 'ਚ ਅਗਲੇ ਪੰਜ ਸਾਲਾਂ 'ਚ 141 ਅਰਬ ਡਾਲਰ ਦਾ ਨਵਾਂ ਖ਼ਰਚਾ ਦਰਜ ਹੈ ਜਿਸ 'ਚੋਂ ਲਗਭਗ 51.2 ਬਿਲੀਅਨ ਡਾਲਰ ਕਟੌਤੀਆਂ ਅਤੇ ਹੋਰ ਬਚਤਾਂ ਰਾਹੀਂ ਪੂਰੇ ਕੀਤੇ ਜਾਣਗੇ।

12 Beds, 7 Baths For 24 Guests 905-965-4644

ਬਦ ਤੋਂ ਬਦਤਰ ਹੋਏ US ਦੇ ਹਾਲਾਤ

ਨਿਊ ਯੌਰਕ: ਅਮਰੀਕਾ 'ਚ ਸਰਕਾਰੀ ਸ਼ੱਟਡਾਊਨ ਕਾਰਨ ਫ਼ੈਡਰਲ ਸਰਕਾਰ ਨੇ ਸਪਲੀਮੈਂਟਲ ਨਿਊਟ੍ਰੀਸ਼ਨ ਅਸਿਸਟੈਂਸ ਪ੍ਰੋਗਰਾਮ (**SNAP**) 'ਤੇ ਰੋਕ ਲਾ ਦਿੱਤੀ ਹੈ ਜਿਸ ਕਾਰਨ ਭੋਜਨ ਵੰਡ ਕੇਂਦਰਾਂ ਅਤੇ ਸਟੋਰਾਂ 'ਤੇ ਮੁਫ਼ਤ ਭੋਜਨ ਅਤੇ ਕਰਿਆਨੇ ਦਾ ਸਾਮਾਨ ਲੈਣ ਲਈ ਲੋਕਾਂ ਦੀਆਂ ਲੰਬੀਆਂ ਕਤਾਰਾਂ ਦੇਖੀਆਂ ਗਈਆਂ।ਨਿਊ ਯੌਰਕ ਦੇ ਬ੍ਰੌਂਕਸ ਇਲਾਕੇ ਵਰਲਡ ਔਫ਼ ਲਾਈਫ਼ ਕ੍ਰਿਸ਼ਚੀਅਨ ਫ਼ੈਲੋਸ਼ਿਪ ਇੰਟਰਨੈਸ਼ਨਲ ਪੈਂਟਰੀ 'ਚ ਆਮ ਨਾਲੋਂ ਲਗਭਗ 200 ਲੋਕ ਵੱਧ ਪੁੱਜੇ। ਕੁੱਝ ਲੋਕ ਸਵੇਰੇ 4 ਵਜੇ ਫ਼ਲ, ਸਬਜ਼ੀਆਂ, ਬ੍ਰੈੱਡ, ਦੁੱਧ, ਜੂਸ, ਸੈਂਡਵਿਚ ਅਤੇ ਹੋਰ ਚੀਜ਼ਾਂ ਲੈਣ ਲਈ ਪੁੱਜੇ ਹੋਏ ਸਨ। ਇਸ ਪੈਂਟਰੀ 'ਚੋਂ ਇੱਕ ਸਮਾਜ ਸੇਵਿਕਾ ਮੈਰੀ ਮਾਰਟਿਨ ਵੀ ਭੋਜਨ ਸਹਾਇਤਾ ਲੈਂਦੀ ਹੈ। ਖੇਤੀਬਾੜੀ ਵਿਭਾਗ ਨੇ ਸ਼ੁਰੂ ਹੋਣ ਵਾਲੇ ਭੋਜਨ ਪ੍ਰੋਗਰਾਮ ਤਹਿਤ ਭੁਗਤਾਨ ਨੂੰ ਰੋਕਣ ਦੀ ਯੋਜਨਾ ਬਣਾਈ ਸੀ ਹਾਲਾਂਕਿ ਬਾਅਦ 'ਚ ਦੋ ਫ਼ੈਡਰਲ ਜੱਜਾਂ ਨੇ ਪ੍ਰਸ਼ਾਸਨ ਨੂੰ ਭੁਗਤਾਨ ਜਾਰੀ ਰੱਖਣ ਦਾ ਹੁਕਮ ਦਿੱਤਾ। ਇਹ ਸਪੱਸ਼ਟ ਨਹੀਂ ਸੀ ਕਿ ਫ਼ੈਸਲੇ ਤੋਂ ਬਾਅਦ ਲਾਭਪਾਤਰੀਆਂ ਦੇ ਡੈਬਿਟ ਕਾਰਡਾਂ 'ਚ ਪੈਸੇ ਕਦੋਂ ਜਮ੍ਹਾਂ ਕੀਤੇ ਜਾਣਗੇ ਜਿਸ ਕਾਰਨ ਬਹੁਤ ਸਾਰੇ ਲਾਭਪਾਤਰੀਆਂ 'ਚ ਡਰ ਅਤੇ ਉਲਝਣ ਪੈਦਾ ਹੋ ਗਈ। **SNAP** ਅਮਰੀਕਾ 'ਚ ਲਗਭਗ 42 ਕਰੋੜ ਲੋਕਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਦਾ ਹੈ।

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਡਾਲਰ ਦਾ ਵਧੀਆ ਰੇਟ? 778-246-2500
ਸਸਤਾ ਹਵਾਈ ਸਫ਼ਰ 604-217-4114
ਵਿਜ਼ਟਰ ਇੰਸ਼ੋਰੈਂਸ 778-317-6262
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980
ਸਸਤਾ ਹਵਾਈ ਸਫ਼ਰ 604-217-4114

ਮਰਦਾਨਾ ਕਮਜ਼ੋਰੀ 416-992-5489
ਵਿਜ਼ਟਰ ਇੰਸ਼ੋਰੈਂਸ 778-317-6262
KEY CUTTING AND PROGRAMMING 236-999-7980
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
12 Beds, 7 Baths For 24 Guests 905-965-4644
ਬੈੱਡ ਬੱਗਜ਼ ਖ਼ਤਮ 604-999-7378

US ਤੋਂ ਬਾਅਦ ਰੂਸ ਵੀ ਕਰੇਗਾ ਪ੍ਰਮਾਣੂ ਪ੍ਰੀਖਣ

ਮੌਸਕੋ: ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਆਪਣੇ ਅਧਿਕਾਰੀਆਂ ਨੂੰ ਪ੍ਰਮਾਣੂ ਹਥਿਆਰਾਂ ਦੇ ਪ੍ਰੀਖਣ ਸ਼ੁਰੂ ਕਰਨ ਬਾਰੇ ਪ੍ਰਸਤਾਵ ਤਿਆਰ ਕਰਨ ਦਾ ਹੁਕਮ ਦਿੱਤਾ ਹੈ।

ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਬਿਆਨ ਤੋਂ ਬਾਅਦ ਆਇਆ ਹੈ ਜਿਸ 'ਚ ਉਨ੍ਹਾਂ ਨੇ ਕਿਹਾ ਸੀ ਕਿ ਅਮਰੀਕਾ ਮੁੜ ਤੋਂ ਪ੍ਰਮਾਣੂ ਪ੍ਰੀਖਣ ਸ਼ੁਰੂ ਕਰੇਗਾ। ਪੂਤਿਨ ਨੇ ਇਸ ਨੂੰ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਇੱਕ ਗੰਭੀਰ ਮੁੱਦਾ ਦੱਸਿਆ ਹੈ।

ਪੂਤਿਨ ਨੇ ਸਪੱਸ਼ਟ ਕੀਤਾ ਕਿ ਰੂਸ ਨੇ ਹਮੇਸ਼ਾ ਕੌਂਪ੍ਰੀਹੈਂਸਿਵ ਨਿਊਕਲੀਅਰ ਟੈੱਸਟ ਬੈਨ ਟ੍ਰੀਟੀ (CTBT) ਯਾਨੀ ਪ੍ਰਮਾਣੂ ਪ੍ਰੀਖਣ 'ਤੇ ਰੋਕ ਲਗਾਉਣ ਵਾਲੇ ਅੰਤਰਰਾਸ਼ਟਰੀ ਸਮਝੌਤੇ ਦਾ ਪਾਲਣ ਕੀਤਾ ਹੈ। ਪਰ ਹੁਣ ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਅਮਰੀਕਾ ਜਾਂ ਕੋਈ ਹੋਰ ਪ੍ਰਮਾਣੂ ਤਾਕਤ ਪ੍ਰੀਖਣ ਕਰਦੇ ਹਨ ਤਾਂ ਰੂਸ ਵੀ ਅਜਿਹਾ ਹੀ ਕਰੇਗਾ। ਪੂਤਿਨ ਨੇ ਕਿਹਾ ਕਿ ਟਰੰਪ ਦੇ ਬਿਆਨ ਕਾਰਨ ਅੰਤਰਰਾਸ਼ਟਰੀ ਸਥਿਤੀ ਗੰਭੀਰ ਅਤੇ ਖ਼ਤਰਨਾਕ ਹੋ ਗਈ ਹੈ, ਅਤੇ ਜੇਕਰ ਅਮਰੀਕਾ ਪ੍ਰੀਖਣ ਕਰਦਾ ਹੈ ਤਾਂ ਰੂਸ ਵੀ ਆਪਣੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਲਈ ਓਹੀ ਕਦਮ ਚੁੱਕੇਗਾ।

ਰੱਖਿਆ ਮੰਤਰੀ ਨੇ ਪ੍ਰੀਖਣ ਸਾਈਟ ਕੀਤੀ ਨਾਮਜ਼ਦ: ਰੂਸ ਦੇ ਰੱਖਿਆ ਮੰਤਰੀ ਆਂਦਰੇਈ ਬੇਲੋਊਸੋਵ ਨੇ ਰਾਸ਼ਟਰਪਤੀ ਪੂਤਿਨ ਨੂੰ ਦੱਸਿਆ ਕਿ ਅਮਰੀਕਾ ਹਾਲ ਹੀ ਦੇ ਦਿਨਾਂ 'ਚ ਆਪਣੀ ਪ੍ਰਮਾਣੂ ਤਾਕਤ ਵਧਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਸਥਿਤੀ 'ਚ ਰੂਸ ਲਈ ਪੂਰੇ ਪੈਮਾਨੇ 'ਤੇ ਪ੍ਰਮਾਣੂ ਪ੍ਰੀਖਣ ਦੀ ਤਿਆਰੀ ਤੁਰੰਤ ਸ਼ੁਰੂ ਕਰਨਾ ਜ਼ਰੂਰੀ ਹੈ। ਬੇਲੋਊਸੋਵ ਨੇ ਜਾਣਕਾਰੀ ਦਿੱਤੀ ਕਿ ਰੂਸ ਦੇ ਆਰਕਟਿਕ ਖੇਤਰ 'ਚ ਸਥਿਤ ਨੋਵਾਇਆ ਜੇਮਲਿਆ ਨਾਮ ਦੀ ਪ੍ਰੀਖਣ ਸਾਈਟ ਨੂੰ ਬਹੁਤ ਘੱਟ ਸਮੇਂ 'ਚ ਪ੍ਰੀਖਣ ਲਈ ਤਿਆਰ ਕੀਤਾ ਜਾ ਸਕਦਾ ਹੈ।

ਪੂਤਿਨ ਨੇ ਵਿਦੇਸ਼ ਮੰਤਰਾਲੇ, ਰੱਖਿਆ ਮੰਤਰਾਲੇ, ਖ਼ੁਫ਼ੀਆ ਏਜੰਸੀਆਂ ਅਤੇ ਹੋਰ ਵਿਭਾਗਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਅਮਰੀਕਾ ਦੀਆਂ ਯੋਜਨਾਵਾਂ 'ਤੇ ਹੋਰ ਜਾਣਕਾਰੀ ਇਕੱਠੀ ਕਰਨ। ਇਸ ਤੋਂ ਇਲਾਵਾ ਇਨ੍ਹਾਂ ਜਾਣਕਾਰੀਆਂ ਦਾ ਰੂਸੀ ਸੁਰੱਖਿਆ ਪਰਿਸ਼ਦ 'ਚ ਵਿਸ਼ਲੇਸ਼ਣ ਕਰ ਕੇ ਪ੍ਰਮਾਣੂ ਪ੍ਰੀਖਣ ਸ਼ੁਰੂ ਕਰਨ ਦੀ ਤਿਆਰੀ ਬਾਰੇ ਸੁਝਾਅ ਦੇਣ ਲਈ ਕਿਹਾ ਗਿਆ ਹੈ। ਇਤਿਹਾਸਕ ਤੌਰ 'ਤੇ ਅਮਰੀਕਾ ਨੇ ਆਖਰੀ ਵਾਰ 1992 'ਚ ਪ੍ਰਮਾਣੂ ਪ੍ਰੀਖਣ ਕੀਤੇ ਸਨ। ਜੇ ਹਾਲੀਆ ਦਿਨਾਂ ਦੀ ਗੱਲ ਕਰੀਏ ਤਾਂ ਅਮਰੀਕਾ ਨੇ ਬਿਨਾਂ ਹਥਿਆਰ ਵਾਲੀ ਮਿਨਟਮੈਨ-3 ਇੰਟਰਕੌਂਟੀਨੈਂਟਲ ਬੈਲਿਸਟਿਕ ਮਿਜ਼ਾਈਲ (ICBM) ਦਾ ਸਫ਼ਲ ਪ੍ਰੀਖਣ ਕੀਤਾ ਹੈ। ਇਸ ਦੀ ਜਾਣਕਾਰੀ ਅਮਰੀਕੀ ਸਪੇਸ ਫ਼ੋਰਸ ਕਮਾਂਡ ਨੇ ਦਿੱਤੀ। ਇਹ ਮਿਜ਼ਾਈਲ ਕੈਲੇਫ਼ੋਰਨੀਆ ਦੇ ਵੈਂਡਨਬਰਗ ਏਅਰ ਫ਼ੋਰਸ ਬੇਸ ਤੋਂ ਦਾਗ਼ੀ ਗਈ ਸੀ।

ਇਸ ਪ੍ਰੀਖਣ ਦਾ ਮੁੱਖ ਮਕਸਦ ICBM ਪ੍ਰਣਾਲੀ ਦੀ ਭਰੋਸੇਯੋਗਤਾ, ਔਪਰੇਸ਼ਨਲ ਤਿਆਰੀ ਅਤੇ ਸਟੀਕਤਾ ਨੂੰ ਜਾਂਚਣਾ ਸੀ। ਮਿਨਟਮੈਨ-3 ਆਪਣੇ ਨਾਲ ਪ੍ਰਮਾਣੂ ਹਥਿਆਰ ਲਿਜਾਣ ਦੀ ਸਮਰੱਥਾ ਰੱਖਦੀ ਹੈ, ਅਤੇ ਇਹ 14 ਹਜ਼ਾਰ ਕਿਲੋਮੀਟਰ ਤਕ ਹਮਲਾ ਕਰ ਸਕਦੀ ਹੈ।

ਲਸ਼ਕਰ ਅਤੇ ਜੈਸ਼ ਦੀ ਹੈ ਜੰਮੂ-ਕਸ਼ਮੀਰ 'ਚ ਹਮਲੇ ਦੀ ਯੋਜਨਾ

ਨਵੀਂ ਦਿੱਲੀ: ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ISI) ਅਤੇ ਫ਼ੌਜ ਨੇ ਅਮਰੀਕਾ ਨਾਲ ਸੁਧਰੇ ਹੋਏ ਸਬੰਧਾਂ ਦਾ ਫ਼ਾਇਦਾ ਉਠਾਉਂਦੇ ਹੋਏ ਆਪਣੇ ਅਤਿਵਾਦੀਆਂ ਨੂੰ ਲੁਕਣ ਤੋਂ ਬਾਹਰ ਕੱਢਿਆ ਹੈ, ਅਤੇ ਅਤਿਵਾਦੀ ਗਤੀਵਿਧੀਆਂ ਨੂੰ ਮੁੜ ਸੁਰਜੀਤ ਕੀਤਾ ਹੈ। ਕਈ ਅਤਿਵਾਦੀ ਸੰਗਠਨ, ਖ਼ਾਸ ਕਰ ਕੇ ਜੈਸ਼-ਏ-ਮੁਹੰਮਦ ਅਤੇ ਲਸ਼ਕਰ-ਏ-ਤੋਇਬਾ, ਔਪ੍ਰੇਸ਼ਨ ਸਿੰਦੂਰ ਤੋਂ ਬਾਅਦ ਚੁੱਪ ਸਨ।

ਔਪ੍ਰੇਸ਼ਨ ਸਿੰਦੂਰ ਦੌਰਾਨ ਜੈਸ਼, ਲਸ਼ਕਰ ਅਤੇ ਹਿਜ਼ਬੁਲ ਮੁਜਾਹਿਦੀਨ ਨੂੰ ਭਾਰੀ ਨੁਕਸਾਨ ਹੋਇਆ ਸੀ, ਅਤੇ ਉਨ੍ਹਾਂ ਦੇ ਹੈੱਡਕੁਆਰਟਰ ਤੇ ਸਿਖਲਾਈ ਸਥਾਨ ਤਬਾਹ ਹੋ ਗਏ ਸਨ। ਭਾਰਤੀ ਖ਼ੁਫ਼ੀਆ ਬਿਊਰੋ (IB) ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਤਿਵਾਦੀ ਆਗੂ ਮਸੂਦ ਅਜ਼ਹਰ ਅਤੇ ਹਾਫ਼ਿਜ਼ ਸਈਦ ਜ਼ਿਆਦਾਤਰ ਘਰ ਦੇ ਅੰਦਰ ਲੁਕੇ ਰਹੇ, ਭਾਰਤੀ ਹਮਲੇ ਦੇ ਡਰੋਂ ਬਾਹਰ ਜਾਣ ਤੋਂ ਬਚਦੇ ਰਹੇ।

ISI ਅਤਿਵਾਦੀ ਸੰਗਠਨ ਨੂੰ ਮੁੜ ਸੁਰਜੀਤ ਕਰ ਰਿਹਾ ਹੈ: ਅਤਿਵਾਦੀ ਆਗੂ ਵੀ ISI ਅਤੇ ਫ਼ੌਜ ਤੋਂ ਆਪਣੇ ਬੰਦਿਆਂ ਦੀ ਰੱਖਿਆ ਕਰਨ 'ਚ ਅਸਮਰੱਥ ਹੋਣ ਕਰਕੇ ਨਿਰਾਸ਼ ਹਨ। ISI ਇਸ ਸਮੇਂ ਨੁਕਸਾਨ ਨੂੰ ਕੰਟਰੋਲ ਕਰਨ ਦੇ ਮੋਡ 'ਚ ਹੈ। ISI ਜਾਣਦੀ ਹੈ ਕਿ ਇਨ੍ਹਾਂ ਅਤਿਵਾਦੀ ਸੰਗਠਨਾਂ ਦਾ ਕੋਈ ਵੀ ਕੇਡਰ ਓਦੋਂ ਤਕ ਕੰਮ ਨਹੀਂ ਕਰੇਗਾ ਜਦੋਂ ਤਕ ਉਨ੍ਹਾਂ ਦੇ ਨੇਤਾ ਖੁੱਲ੍ਹ ਕੇ ਸਾਹਮਣੇ ਨਹੀਂ ਆਉਂਦੇ। ਉਹ ਉਮੀਦ ਕਰਦੇ ਹਨ ਕਿ ਉਹ ਭਾਰਤ ਵਿਰੁੱਧ ਭੜਕਾਊ ਭਾਸ਼ਣ ਦੇਣਗੇ। ਹਾਲਾਂਕਿ ਕੇਡਰ ਹੌਲੀ-ਹੌਲੀ ਸ਼ੱਕੀ ਹੋ ਗਏ ਅਤੇ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਫ਼ਿਰ ਫ਼ੌਜ ਅਤੇ ਆਈਐਸਆਈ ਨੇ ਅਤਿਵਾਦੀ ਨੇਤਾਵਾਂ ਨਾਲ ਸੰਪਰਕ ਕੀਤਾ, ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਆਪਣੇ ਔਪਰੇਸ਼ਨਾਂ ਨੂੰ ਖੁੱਲ੍ਹ ਕੇ ਮੁੜ ਸ਼ੁਰੂ ਕਰ ਸਕਦੇ ਹਨ। ਉਨ੍ਹਾਂ ਨੂੰ ਦੱਸਿਆ ਗਿਆ ਕਿ ਅਮਰੀਕਾ ਅਤੇ ਪਾਕਿਸਤਾਨ ਵਿਚਕਾਰ ਮਜ਼ਬੂਤ ਸਬੰਧਾਂ ਦਾ ਮਤਲਬ ਹੈ ਕਿ ਪਾਕਿਸਤਾਨ ਸੁਰੱਖਿਅਤ ਹੈ। ਅਜ਼ਹਰ ਅਤੇ ਸਈਦ ਨੇ ਲਾਹੌਰ 'ਚ ਆਪਣੇ ਸੁਰੱਖਿਅਤ ਘਰਾਂ 'ਚ ISI ਅਧਿਕਾਰੀਆਂ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ।

ਜੈਸ਼ ਅਤੇ ਲਸ਼ਕਰ ਵਲੋਂ ਹਮਲੇ ਦੀ ਯੋਜਨਾ: ISI ਨੇ ਅਮਰੀਕੀ ਕਾਰਡ ਦੀ ਵਰਤੋਂ ਕਰਦੇ ਹੋਏ ਦੋਵਾਂ ਨੂੰ ਭਰੋਸਾ ਦਿੱਤਾ ਕਿ ਭਾਰਤ ਪਾਕਿਸਤਾਨ ਵਿਰੁੱਧ ਕੋਈ ਕਾਰਵਾਈ ਨਹੀਂ ਕਰੇਗਾ, ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਅਮਰੀਕਾ ਦਖਲ ਦੇਵੇਗਾ। ਦੋਵੇਂ ਅਤਿਵਾਦੀ ਨੇਤਾ ਹੁਣ ਲਈ ਸਹਿਮਤ ਹੋ ਗਏ ਹਨ, ਸਿਰਫ਼ ਅਜ਼ਹਰ ਮਸੂਦ ਸੰਖੇਪ ਜਨਤਕ ਰੂਪ 'ਚ ਸਾਹਮਣੇ ਆਇਆ ਹੈ। ਜੈਸ਼ ਚੈਨਲ ਹੁਣ ਅਜ਼ਹਰ ਦੇ ਸੰਦੇਸ਼ਾਂ ਨਾਲ ਸਰਗਰਮ ਹਨ।

ਸਸਤੀ ਟਿਕਟਾਂ ਲਈ 604-504-3400
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਬੈੱਡ ਬੱਗਜ਼ ਖ਼ਤਮ 604-999-7378
ਸਸਤੀ ਟਿਕਟਾਂ ਲਈ 604-504-3400

ਸਾਪ੍ਤਾਹਿਕ ਰਾਸ਼ੀ ਫਲ

ਮੇਖ (21 ਮਾਰਚ ਤੋਂ 20 ਅਪ੍ਰੈਲ)

ਦਫ਼ਤਰ ਵਿੱਚ ਤੁਹਾਨੂੰ ਇਸ ਹਫ਼ਤੇ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਮਿਲਣ ਜਾ ਰਹੀ ਹੈ। ਇਸ ਜ਼ਿੰਮੇਵਾਰੀ ਨੂੰ ਪੂਰਾ ਕਰਨਵਿੱਚ ਤੁਹਾਡੀ ਮਦਦ ਤੁਹਾਡੇ ਕੁਝ ਖਾਸ ਸਹਿਯੋਗੀਆਂ ਵੱਲੋਂ ਕੀਤੀ ਜਾਵੇਗੀ।ਤੁਹਾਡੇ ਦੁਸ਼ਮਣ ਵੀ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾਉਣਗੇ। ਬੱਚਿਆਂ ਨਾਲਟਕਰਾਓ ਹੋ ਸਕਦਾ ਹੈ। ਮਾਪਿਆਂ ਵੱਲੋਂ ਕੋਈ ਚੰਗੀ ਖ਼ਬਰ ਮਿਲ ਸਕਦੀ ਹੈ।

ਬ੍ਰਿਖ (21 ਅਪ੍ਰੈਲ ਤੋਂ 21 ਮਈ)

ਵਪਾਰ ਵਿੱਚ ਘਾਟੇ ਦੇ ਕਾਰਨ ਤੁਸੀਂ ਕਾਫ਼ੀ ਦੇਰ ਤੋਂ ਪ੍ਰੇਸ਼ਾਨ ਚਲਰਹੇ ਹੋ, ਇਹ ਪ੍ਰੇਸ਼ਾਨੀ ਦੂਰ ਹੋਣ ਦਾ ਸਮਾਂ ਹੁਣ ਆ ਗਿਆ ਹੈ।ਪੁਰਾਣੀਆਂ ਗਲਤੀਆਂ ਨੂੰ ਭੁੱਲ ਕੇ ਨਵੀਂ ਸ਼ੁਰੂਆਤ ਦੇ ਨਾਲ ਹੀ ਵਪਾਰ ਵਧੀਆ ਚਲ ਸਕਦਾ ਹੈ।ਹੁਣ ਤੁਹਾਨੂੰ ਸਮਾਂ ਤੇ ਮੌਕਾ ਦੋਨੋਂ ਮਿਲਣ ਜਾ ਰਹੇ ਹਨ, ਇਸ ਦਾਫ਼ਾਇਦਾ ਉਠਾਓ।ਧਨ ਨੂੰ ਲੈ ਕੇ ਚੱਲ ਰਹੀ ਤੰਗੀ ਦੂਰ ਹੋਵੇਗੀ।

ਮਿਥੁਨ (22 ਮਈ ਤੋਂ 21 ਜੂਨ)

ਕੰਮ ਵਿੱਚ ਵੱਡਾ ਬਦਲਾਓ ਹੋਣ ਜਾ ਰਿਹਾ ਹੈ। ਇਹ ਬਦਲਾਓ ਤੁਹਾਡੇ ਲਈ ਚੰਗਾ ਸਮਾਂ ਲੈ ਕੇ ਆ ਰਿਹਾ ਹੈ। ਇਹ ਬਦਲਾਓ ਤੁਹਾਡੀ ਸੋਚ ਦੇ ਮੁਤਾਬਕ ਹੀ ਹੋਣ ਜਾ ਰਿਹਾ ਹੈ, ਇਸ ਲਈ ਇਸ ਨੂੰ ਲੈ ਕੇ ਚਿੰਤਾਨਾ ਕਰੋ। ਸ਼ੁਰੂ ਵਿੱਚ ਥੋੜ੍ਹੀ ਪ੍ਰੇਸ਼ਾਨੀ ਆ ਸਕਦੀ ਹੈ, ਪਰ ਜਲਦੀ ਹੀ ਇਹ ਪ੍ਰੇਸ਼ਾਨੀਦੂਰ ਹੋ ਜਾਵੇਗੀ। ਭਰਾ ਦੇ ਨਾਲ ਚਲ ਰਿਹਾ ਵਿਵਾਦ ਖ਼ਤਮ ਹੋ ਜਾਵੇਗਾ।

ਕਰਕ (22 ਜੂਨ ਤੋਂ 22 ਜੁਲਾਈ)

ਇਹ ਹਫ਼ਤਾ ਤੁਹਾਡੇ ਕੰਮ ਲਈ ਇੱਕ ਚੰਗਾ ਅਤੇ ਸੁਖਦ ਪਰਿਵਰਤਨ ਲੈ ਕੇ ਆ ਰਿਹਾ ਹੈ। ਤੁਸੀਂ ਆਪਣੇ ਕੰਮ ਵਿੱਚ ਜਿਸ ਤਬਦੀਲੀ ਨੂੰ ਲਿਆਉਣ ਦੀ ਸੋਚ ਰਹੇ ਸੀ ਉਹ ਇਸ ਹਫ਼ਤੇ ਹੋ ਸਕਦੀ ਹੈ। ਜੋਅੱਗੇ ਜਾ ਕੇ ਕਾਫ਼ੀ ਫ਼ਾਇਦੇਮੰਦ ਰਹਿ ਸਕਦਾ ਹੈ। ਪਰਵਾਰ ਨਾਲ ਕਿਸੇ ਪਹਾੜੀ ਜਗ੍ਹਾ 'ਤੇ ਜਾਣ ਦਾ ਵੀ ਪ੍ਰੋਗਰਾਮ ਬਣ ਸਕਦਾ ਹੈ।

ਸਿੰਘ (23 ਜੁਲਾਈ ਤੋਂ 23 ਅਗਸਤ)

ਜਿਨ੍ਹਾਂ ਦੇ ਵਿਆਹ ਦੀ ਗੱਲ ਬਹੁਤ ਦੇਰ ਤੋਂ ਸਿਰੇ ਨਹੀਂ ਚੜ੍ਹ ਰਹੀਸੀ, ਉਹਨਾਂ ਵਾਸਤੇ ਇਹ ਹਫ਼ਤਾ ਬੜੀ ਚੰਗੀ ਖ਼ਬਰ ਲੈ ਕੇ ਆਰਿਹਾ ਹੈ। ਜਿਨ੍ਹਾਂ ਨੇ ਨੌਕਰੀ ਦੇ ਲਈ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਨੂੰ ਵੀਖੁਸ਼ੀ ਵਾਲੀ ਖ਼ਬਰ ਮਿਲੇਗੀ। ਮਨੋਰੰਜਨ ਦੇ ਮੌਕੇ ਵੀ ਮਿਲਣਗੇ। ਮਾਣ-ਸਨਮਾਨ'ਚ ਵਾਧਾ ਹੋਵੇਗਾ। ਇਹ ਹਫ਼ਤਾ ਤੁਹਾਡੇ ਲਈ ਖੁਸ਼ੀਆਂ ਵਾਲਾ ਰਹੇਗਾ।

ਕੰਨਿਆ (24 ਅਗਸਤ ਤੋਂ 23 ਸਤੰਬਰ)

ਜ਼ਿਆਦਾ ਗੁੱਸੇ ਨਾਲ ਤੁਸੀਂ ਆਪਣੀ ਸਿਹਤ ਤੇ ਕੰਮ ਦਾ ਹੀ ਨੁਕਸਾਨ ਕਰ ਰਹੇ ਹੋ। ਹਰ ਚੀਜ਼ ਵਿੱਚ ਅਤਿ ਮਾੜੀ ਹੁੰ ਦੀ ਹੈ। ਇਹ ਜ਼ਰੂਰੀ ਨਹੀਂ ਕਿ ਹਰ ਗੱਲ ਵਿੱਚ ਤੁਹਾਡਾ ਹੀ ਨਜ਼ਰੀਆ ਠੀਕ ਹੋਵੇ, ਕਈ ਵਾਰ ਦੂਜੇ ਵੱਲੋਂ ਦਿੱਤੀ ਸਲਾਹ ਵੀ ਚੰਗੀ ਹੁੰ ਦੀ ਹੈ। ਅੱਗੇ ਹੀ ਇਸ ਗੁੱਸੇ ਨੇ ਕਈ ਆਪਣਿਆਂ ਨੂੰ ਤੁਹਾਡੇ ਤੋਂ ਦੂਰ ਕਰ ਦਿੱਤਾ ਹੈ।

ਤੁਲਾ (24 ਸਤੰਬਰ ਤੋਂ 23 ਅਕਤੂਬਰ)

ਇਹ ਹਫ਼ਤਾ ਤੁਹਾਡੇ ਲਈ ਮਿਲੇ ਜੁਲੇ ਅਸਰ ਵਾਲਾ ਹੋਵੇਗਾ। ਕੰਮ ਵਿੱਚ ਥੋੜ੍ਹਾ ਤਣਾਓ ਵਧਿਆ ਹੋਵੇਗਾ। ਪੈਸੇ ਵਲੋਂ ਤੰਗੀ ਰਹੇਗੀ ਅਤੇ ਭੇਜਿਆ ਮਾਲ ਵੀ ਖਰਾਬ ਕਹਿ ਕੇ ਵਾਪਸ ਆ ਸਕਦਾ ਹੈ। ਆਪਣ ਆਪ ਤੇ ਕਾਬੂ ਰੱਖੋ ਅਤੇ ਕੰਮ ਵਿੱਚ ਜੋਸ਼ ਅਤੇ ਮਿਹਨਤ ਨਾਲ ਜੁਟੇ ਰਹੋ। ਹੌਲੀ ਹੌਲੀ ਪਰੇਸ਼ਾਨੀਆਂ ਦੂਰ ਹੋ ਜਾਣਗੀਆਂ ਅਤੇ ਪੈਸੇ ਦੀ ਤੰਗੀ ਵੀ ਦੂਰ ਹੋ ਜਾਵੇਗੀ।

ਬ੍ਰਿਸ਼ਚਕ (24 ਅਕਤੂਬਰ ਤੋਂ 22ਨਵੰਬਰ)

ਤੁਹਾਡੇ ਵਾਸਤੇ ਇਹ ਹਫ਼ਤਾ ਮਿਲਿਆ ਜੁਲਿਆ ਰਹੇਗਾ, ਤੁਸੀਆਪਣੀਆਂ ਗੱਲਾਂ ਦੇ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰੋਗੇ ਅਤੇਤੁਹਾਡੇ ਅੱਗੇ ਤੁਹਾਡੇ ਅੱਗੇ ਟਿੱਕ ਨਹੀਂ ਸਕਣਗੇ। ਸਰੀਰ ਵਿੱਚ ਕਿਸੇ ਥਾਂ 'ਤੇ ਦਰਦ ਰਹਿ ਸਕਦੀ ਹੈ। ਛੋਟੇ ਭਰਾ ਦੇ ਨਾਲ ਕਿਸੇ ਗੱਲ 'ਤੇ ਟਕਰਾਓ ਹੋ ਸਕਦਾ ਹੈ, ਪਰ ਇਹ ਟਕਰਾਓ ਜਲਦੀ ਹੀ ਖ਼ਤਮ ਹੋ ਜਾਵੇਗਾ।

ਧਨ (23 ਨਵੰਬਰ ਤੋਂ 23 ਦਸੰਬਰ)

ਪਰਵਾਰ ਵਿੱਚ ਮਾਤਾ ਜੀ ਦੇ ਨਾਲ ਕਿਸੇ ਗਲ ਤੋਂ ਟਕਰਾਓ ਹੋਣਦਾ ਯੋਗ ਹੈ ਅਤੇ ਇਹ ਟਕਰਾਓ ਵੱਧ ਵੀ ਸਕਦਾ ਹੈ। ਤੁਸੀਂ ਇਸਟਕਰਾਓ ਨੂੰ ਟਾਲ ਸਕਦੇ ਹੋ, ਲੋੜ ਹੈ ਮਾਤਾ ਜੀ ਦੀ ਗੱਲ ਸੁਣਨ ਦੀ। ਉਨ੍ਹਾਂ ਦੀਆਂਗੱਲਾਂ ਦੇ ਉਲਟ ਮਤਲਬ ਨਾ ਕੱਢੋ। ਵੱਡੇ ਜੇ ਕੋਈ ਗੱਲ ਸਮਝਾਉਂਦੇ ਹਨ ਤਾਂ ਇਸਵਿੱਚ ਬੱਚੇ ਦਾ ਹੀ ਭਲਾ ਹੁੰ ਦਾ ਹੈ।

ਮਕਰ (24 ਦਸੰਬਰ ਤੋਂ 20 ਜਨਵਰੀ)

ਇਸ ਹਫ਼ਤੇ ਤੁਹਾਡਾ ਕੰਮ ਅਤੇ ਵਪਾਰ ਪੂਰੀ ਤੇਜ਼ੀ ਨਾਲ ਚੱਲ ਸਕਦਾ ਹੈ ਅਤੇ ਕਾਫ਼ੀ ਦੇਰ ਤੋਂ ਫ਼ਸਿਆ ਹੋਇਆ ਪੈਸਾ ਵੀ ਮਿਲ ਸਕਦਾ ਹੈ। ਪਰ ਇਸ ਤੋਂ ਸਬਕ ਲੈਂਦੇ ਹੋਏ ਅੱਗੋਂ ਕਿਸੇ ਨਾਲ ਵੀ ਜ਼ਿਆਦਾ ਉਧਾਰ ਕਰਕੇ ਪੈਸਾ ਨਾ ਫ਼ਸਾਓ ਕਿਉਂਕਿ ਇਹ ਜ਼ਰੂਰੀ ਨਹੀਂ ਕਿ ਹਰ ਵਾਰੀ ਫ਼ਸਿਆ ਪੈਸਾਨਿਕਲ ਹੀ ਆਵੇ। ਪਿਤਾ ਨਾਲ ਕਿਸੇ ਗੱਲ ਨੂੰ ਲੈ ਕੇ ਟਕਰਾਓ ਹੋ ਸਕਦਾ ਹੈ।

ਕੁੰਭ (21 ਜਨਵਰੀ ਤੋਂ 19 ਫ਼ਰਵਰੀ)

ਤੁਹਾਡੀ ਸਿਹਤ ਲਈ ਇਹ ਹਫ਼ਤਾ ਪਰੇਸ਼ਾਨੀ ਵਾਲਾ ਰਹਿ ਸਕਦਾ ਹੈ। ਦਫ਼ਤਰ ਵਿੱਚ ਤੁਹਾਨੂੰ ਤਰੱਕੀ ਮਿਲਣ ਦਾ ਯੋਗ ਬਣ ਰਿਹਾਹੈ ਅਤੇ ਕੰਮ ਲਈ ਯਾਤਰਾ 'ਤੇ ਵੀ ਜਾਣਾ ਪੈ ਸਕਦਾ ਹੈ। ਬੱਚਿਆਂ ਦੇ ਪੇਪਰਾਂ ਦੇਨੰਬਰ ਤੁਹਾਨੂੰ ਕਾਫ਼ੀ ਪਰੇਸ਼ਾਨ ਕਰ ਸਕਦੇ ਹਨ। ਘਰ ਵਿੱਚ ਕਿਸੇ ਧਾਰਮਿਕਇੱਕਠ ਦਾ ਯੋਗ ਬਣ ਰਿਹਾ ਹੈ।

ਮੀਨ (20 ਫ਼ਰਵਰੀ ਤੋਂ 20 ਮਾਰਚ)

ਭਰਾਵਾਂ ਵਿੱਚ ਦੇਰ ਤੋਂ ਚਲ ਰਿਹਾ ਜ਼ਮੀਨ ਦਾ ਵਿਵਾਦ ਖਤਮ ਹੋਸਕਦਾ ਹੈ। ਦੋ ਵੱਡੇ ਬਜ਼ੁਰਗਾਂ ਦੀਮਦਦ ਦੇਨਾਲ ਇਸ ਵਿਵਾਦਨੂੰ ਸੁਲਝਾ ਲਿਆ ਜਾਵੇਗਾ। ਇਸ ਹਫ਼ਤੇ ਕਿਸੇ ਨਵੇਂ ਜ਼ਮੀਨ ਦਾ ਸੌਦਾ ਹੋਣ ਦਾ ਵੀ ਯੋਗ ਬਣ ਰਿਹਾ ਹੈ।ਆਉਣ ਵਾਲੇ ਸਮੇਂ ਵਿੱਚ ਇਹ ਜ਼ਮੀਨ ਤੁਹਾਨੂੰ ਬੜਾ ਫ਼ਾਇਦਾਦੇ ਸਕਦੀ ਹੈ।ਸ਼ੇਅਰ ਵਿੱਚ ਜ਼ਿਆਦਾ ਪੈਸਾ ਲਾਉਣਾ ਨੁਕਸਾਨ ਕਰ ਸਕਦਾ ਹੈ।

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਡਾਲਰ ਦਾ ਵਧੀਆ ਰੇਟ? 778-246-2500
ਸਸਤਾ ਹਵਾਈ ਸਫ਼ਰ 604-217-4114
ਵਿਜ਼ਟਰ ਇੰਸ਼ੋਰੈਂਸ 778-317-6262
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ

ਸਸਤਾ ਹਵਾਈ ਸਫ਼ਰ
604-217-4114

12 Beds, 7 Baths
For 24 Guests
905-965-4644

KEY CUTTING
AND PROGRAMMING
236-999-7980

ਡਾਲਰ ਦਾ ਵਧੀਆ ਰੇਟ?
778-246-2500

12 Beds, 7 Baths
For 24 Guests
905-965-4644

ਬੈੱਡ ਬੱਗਜ਼ ਖ਼ਤਮ
604-999-7378

ਮਰਦਾਨਾ ਕਮਜ਼ੋਰੀ
416-992-5489

24 ਘੰਟਿਆਂ ਵਿੱਚ ਆਪਣੇ
ਪੈਸੇ ਭੇਜੋ ਜਾਂ ਮਗਵਾਓ
604-825-2222

40 ਸਾਲ ਦੀ ਉਮਰ ਤੋਂ ਬਾਅਦ ਬਿਨਾਂ ਦਵਾਈਆਂ ਤੰਦਰੁਸਤ ਰੱਖਣ ਵਾਲੀ Diet

ਜਿਵੇਂ-ਜਿਵੇਂ ਉਮਰ 40 ਸਾਲ ਤੋਂ ਅੱਗੇ ਵਧਦੀ ਹੈ ਸ਼ਰੀਰ 'ਚ ਪੋਸ਼ਣ ਦੀ ਕਮੀ ਹੋਣ ਲੱਗਦੀ ਹੈ, ਪਰ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਕਮੀ ਨੂੰ ਦਵਾਈਆਂ ਜਾਂ ਸਪਲੀਮੈਂਟਸ (Supplements) ਨਾਲੋਂ ਵੱਧ ਸੰਤੁਲਿਤ ਖਾਣੇ ਰਾਹੀਂ ਪੂਰਾ ਕਰਨਾ ਚਾਹੀਦਾ ਹੈ। ਨਿਊਟ੍ਰੀਸ਼ਨਿਸਟ ਅਤੇ ਹੈੱਲਥ ਕੋਚਾਂ ਅਨੁਸਾਰ ਅਸਲ ਪੋਸ਼ਣ ਖਾਣ-ਪੀਣ ਦੀਆਂ ਵਸਤੂਆਂ ਤੋਂ ਮਿਲਦਾ ਹੈ ਕਿਉਂਕਿ ਭੋਜਨ ਦੇ ਨਾਲ-ਨਾਲ ਫ਼ਾਈਬਰ (Fiber), ਹੈਲਦੀ ਫ਼ੈਟਸ (Healthy Fats), ਮਿਨਰਲਜ਼ (Minerals) ਅਤੇ ਪਲਾਂਟ ਕੰਪਾਊਂਡਜ਼ (Plant Compounds) ਭਾਵ ਪੌਦਿਆਂ ਤੋਂ ਮਿਲਣ ਵਾਲਾ ਪੋਸ਼ਣ ਮਿਲਦਾ ਹੈ। ਇਹ ਸ਼ਰੀਰ ਨੂੰ ਪੌਸ਼ਟਿਕ ਤੱਤਾਂ ਨੂੰ ਬਿਹਤਰ ਤਰੀਕੇ ਨਾਲ ਜਜ਼ਬ (Absorb) ਕਰਨ 'ਚ ਮਦਦ ਕਰਦੇ ਹਨ ਅਤੇ ਮਾੜੇ ਪ੍ਰਭਾਵਾਂ (Side Effects) ਨੂੰ ਵੀ ਘੱਟ ਕਰਦੇ ਹਨ। ਮਾਹਿਰ ਦਾ ਕਹਿਣਾ ਹੈ ਕਿ 40 ਸਾਲ ਦੀ ਉਮਰ ਤੋਂ ਬਾਅਦ ਪੋਸ਼ਣ ਦੀ ਜ਼ਿਆਦਾਤਰ ਕਮੀ ਦਵਾਈਆਂ ਦੀ ਬਜਾਏ ਤੁਹਾਡੀ ਥਾਲੀ ਵਿਚਲੇ ਸੰਤੁਲਨ ਦੀ ਕਮੀ ਕਾਰਨ ਸ਼ੁਰੂ ਹੁੰਦੀ ਹੈ। ਮਾਹਿਰ ਨੇ ਕਈ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਪੂਰਤੀ ਲਈ ਸਿੱਧੇ ਭੋਜਨ ਸਰੋਤ ਦੱਸੇ ਹਨ ਜਿਨ੍ਹਾਂ ਨੂੰ ਰੋਜ਼ਾਨਾ ਦੀ ਖ਼ੁਰਾਕ 'ਚ ਸ਼ਾਮਿਲ ਕਰਨਾ ਚਾਹੀਦਾ ਹੈ

1. Omega-3 ਲਈ ਅਲਸੀ: ਇੱਕ ਵੱਡਾ ਚੱਮਚ ਅਲਸੀ (Flaxseed) ਦਾ ਪਾਊਡਰ ਵਰਤਣ ਨਾਲ ਤੁਹਾਨੂੰ ਦਿਨ ਭਰ ਦੀ Omega-3 ਦੀ ਲਗਭਗ 100 ਫ਼ੀਸਦੀ ਜ਼ਰੂਰਤ ਪੂਰੀ ਹੋ ਜਾਂਦੀ ਹੈ। ਇਸ ਨੂੰ ਦਹੀਂ, ਸਬਜ਼ੀ ਜਾਂ ਉਪਮਾ 'ਚ ਮਿਲਾ ਕੇ ਖਾਧਾ ਜਾ ਸਕਦਾ ਹੈ।

2. ਕੈਲਸ਼ੀਅਮ ਲਈ ਰਾਗੀ ਅਤੇ ਦਹੀਂ: ਜੇਕਰ ਤੁਸੀਂ ਰੋਜ਼ਾਨਾ ਰਾਗੀ ਦੀਆਂ ਦੋ ਰੋਟੀਆਂ, 100 ਗ੍ਰਾਮ ਦਹੀਂ ਅਤੇ ਇੱਕ ਕਟੋਰੀ ਹਰੀ ਸਬਜ਼ੀ ਖਾਂਦੇ ਹੋ ਤਾਂ ਤੁਹਾਡੀਆਂ ਦਿਨ ਭਰ ਦੀਆਂ ਕੈਲਸ਼ੀਅਮ ਦੀਆਂ 50 ਤੋਂ 60 ਫ਼ੀਸਦੀ ਜ਼ਰੂਰਤਾਂ ਪੂਰੀਆਂ ਹੋ ਜਾਂਦੀਆਂ ਹਨ।

3. ਆਇਰਨ ਲਈ ਹਲੀਮ ਜਾਂ ਅਲੀਵ ਬੀਜ: ਇੱਕ ਚੱਮਚ ਭਿੱਜੇ ਹੋਏ ਹਲੀਮ ਜਾਂ ਅਲੀਵ (ਜਿਨ੍ਹਾਂ ਨੂੰ Garden Cress Seeds ਵੀ ਕਿਹਾ ਜਾਂਦਾ ਹੈ) ਖਾਣ ਨਾਲ ਰੋਜ਼ਾਨਾ ਆਇਰਨ ਦੀ ਜ਼ਰੂਰਤ ਦੀ ਲਗਭਗ 60 ਤੋਂ 70 ਫ਼ੀਸਦੀ ਜ਼ਰੂਰਤ ਪੂਰੀ ਹੋ ਜਾਂਦੀ ਹੈ। ਇਸ ਗੱਲ ਦਾ ਖ਼ਾਸ ਧਿਆਨ ਰੱਖੋ ਕਿ ਇਨ੍ਹਾਂ ਦਾ ਸੇਵਨ ਕਦੇ ਵੀ ਚਾਹ ਦੇ ਨਾਲ ਨਾ ਕਰੋ।

4. ਮੈਗਨੀਸ਼ੀਅਮ ਲਈ ਦਾਲ-ਰਾਜਮਾ ਅਤੇ ਕੱਦੂ ਦੇ ਬੀਜ: ਇੱਕ ਕਟੋਰੀ ਦਾਲ ਜਾਂ ਰਾਜਮਾ ਦੇ ਨਾਲ

ਦੋ ਵੱਡੇ ਚੱਮਚ ਕੱਦੂ ਦੇ ਬੀਜ ਖਾਣ ਨਾਲ ਤੁਹਾਡੀ ਦਿਨ ਭਰ ਦੀ ਮੈਗਨੀਜ਼ੀਅਮ ਦੀ 50 ਫ਼ੀਸਦੀ ਜ਼ਰੂਰਤ ਪੂਰੀ ਹੁੰਦੀ ਹੈ।

5. ਵਾਇਟਾਮਿਨ A ਲਈ ਪਾਲਕ: ਸਿਰਫ਼ ਇੱਕ ਕਟੋਰੀ ਪਾਲਕ (Spinach) ਖਾਣ ਨਾਲ ਤੁਹਾਨੂੰ ਦਿਨ ਭਰ ਦਾ ਲਗਭਗ 100 ਫ਼ੀਸਦੀ ਵਾਇਟਾਮਿਨ A ਮਿਲ ਸਕਦਾ ਹੈ। ਸਿਹਤ ਲਈ ਪਾਲਕ ਖਾਣ ਦੇ ਕਈ ਫ਼ਾਇਦੇ ਹੁੰਦੇ ਹਨ। ਇਸ ਲਈ ਸਿਹਤ ਮਾਹਿਰਾਂ ਦੀ ਸਲਾਹ ਹੈ ਕਿ ਬਿਨਾਂ ਲੋੜ ਤੋਂ ਵਾਇਟਾਮਿਨ ਦੀਆਂ ਗੋਲੀਆਂ ਖਾਣ ਦੀ ਬਜਾਏ ਆਪਣੀ ਰੋਜ਼ਾਨਾ ਦੀ ਖ਼ੁਰਾਕ 'ਚ ਇਹ ਸਿਹਤਮੰਦ ਭੋਜਨ ਸ਼ਾਮਿਲ ਕਰ ਕੇ 40 ਸਾਲ ਤੋਂ ਬਾਅਦ ਜ਼ਰੂਰੀ ਪੋਸ਼ਣ ਪ੍ਰਾਪਤ ਕਰੋ।

ਜੇਕਰ ਤੁਸੀਂ ਆਪਣੀ ਸਿਹਤ ਸਬੰਧੀ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਿਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ 'ਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡੇ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡਾਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣਾ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ KSB ਨਾਲ 1-416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ 'ਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

herbalremedies.ca

ਮੈਦੇ ਨਾਲ ਹੋਣ ਵਾਲੀਆ ਜਾਨਲੇਵਾ ਬੀਮਾਰੀਆਂ

ਅੱਜਕੱਲ੍ਹ ਸਾਡੇ ਰੋਜ਼ਾਨਾ ਖਾਣੇ 'ਚ ਮੈਦਾ (Refined or All Purpose Flour) ਦਾ ਇਸਤੇਮਾਲ ਬਹੁਤ ਆਮ ਹੋ ਗਿਆ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ ਹਰ ਕੋਈ ਬ੍ਰੈਡ, ਪੀਜ਼ੇ, ਬਰਗਰਜ਼, ਸਮੋਸੇ, ਕੁੱਕੀਜ਼ ਆਦਿ ਦੇ ਰੂਪ 'ਚ ਮੈਦਾ ਖਾ ਰਿਹਾ ਹੈ। ਪਰ ਹੈੱਲਥ ਮਾਹਿਰਾਂ ਵਲੋਂ ਇੱਕ ਚਿਤਾਵਨੀ ਜਾਰੀ ਕੀਤੀ ਗਈ ਹੈ ਕਿ ਮੈਦੇ ਦਾ ਜ਼ਿਆਦਾ ਸੇਵਨ ਸ਼ਰੀਰ ਲਈ ਗੰਭੀਰ ਬੀਮਾਰੀਆਂ ਦਾ ਕਾਰਣ ਬਣ ਸਕਦਾ ਹੈ।

ਕੀ ਹੈ ਅਤੇ ਕਿਵੇਂ ਬਣਦੈ ਮੈਦਾ? ਮੈਦਾ ਕਣਕ ਦੇ ਆਟੇ ਤੋਂ ਫ਼ਾਈਬਰ ਅਤੇ ਪੋਸ਼ਕ ਤੱਤ ਹਟਾ ਕੇ ਤਿਆਰ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ 'ਚ Vitamins ਅਤੇ Minerals ਲਗਭਗ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੇ ਹਨ। ਸੋ ਮੈਦਾ ਤੁਹਾਨੂੰ ਕੇਵਲ ਕੈਲੋਰੀਜ਼ ਦਿੰਦਾ ਹੈ ਪਰ ਪੋਸ਼ਣ ਨਹੀਂ, ਇਸੇ ਲਈ ਇਨ੍ਹਾਂ ਨੂੰ ਖ਼ਾਲੀ ਕੈਲੋਰੀਜ਼ (Empty Calories) ਕਿਹਾ ਜਾਂਦਾ ਹੈ।

ਬਲੱਡ ਸ਼ੂਗਰ ਅਤੇ ਡਾਇਬਟੀਜ਼ ਦਾ ਖ਼ਤਰਾ: ਮਾਹਿਰਾਂ ਦੇ ਮੁਤਾਬਿਕ ਮੈਦਾ ਖਾਣ ਨਾਲ ਬਲੱਡ ਸ਼ੂਗਰ ਤੁਰੰਤ ਵੱਧਦੀ ਹੈ ਜਿਸ ਨਾਲ ਸ਼ਰੀਰ 'ਚ ਇਨਸਲਿਨ ਰਜ਼ਿਸਟੈਂਸ (Insulin Resistance) ਪੈਦਾ ਹੁੰਦੀ ਹੈ। ਲੰਬੇ ਸਮੇਂ 'ਚ ਵਧੇਰੇ ਮੈਦਾ ਖਾਣਾ Type 2 Diabetes ਦਾ ਕਾਰਣ ਵੀ ਬਣ ਸਕਦਾ ਹੈ। ਵਧਿਆ ਹੋਇਆ ਇਨਸਲਿਨ ਲੈਵਲ ਸ਼ਰੀਰ 'ਚ ਸੋਜ (Inflammation) ਅਤੇ ਔਕਸੀਡੇਟਿਵ ਸਟ੍ਰੈੱਸ (Oxidative Stress) ਵਧਾ ਸਕਦਾ ਹੈ। Oxidative Stress ਉਸ ਅਵੱਸਥਾ ਨੂੰ ਕਹਿੰਦੇ ਹਨ ਜਿਸ ਵਿੱਚ ਸ਼ਰੀਰ 'ਚ ਅਸਥਿਰ ਅਣੂਆਂ (Free Radicals) ਦੀ ਗਿਣਤੀ Anitoxidants ਨਾਲੋਂ ਵੱਧ ਜਾਂਦੀ ਹੈ ਅਤੇ ਇਹ ਅਸੰਤੁਲਨ ਸ਼ਰੀਰ ਦੇ ਸਿਹਤਮੰਦ ਸੈੱਲਾਂ ਨੂੰ ਨੁਕਸਾਨ ਪਹੁੰਚਾ ਕੇ ਕੈਂਸਰ, ਸ਼ੂਗਰ ਜਾਂ ਦਿਲ ਦੀਆਂ ਬੀਮਾਰੀਆਂ ਦਾ ਕਾਰਨ ਬਣ ਸਕਦਾ ਹੈ।

ਕੈਂਸਰ ਅਤੇ ਹੋਰ ਬੀਮਾਰੀਆਂ ਨਾਲ ਸੰਬੰਧ: ਕਈ ਰੀਸਰਚਾਂ ਅਨੁਸਾਰ ਸ਼ਰੀਰ 'ਚ ਲੰਬੇ ਸਮੇਂ ਤਕ ਸੋਜ ਰਹਿਣ ਨਾਲ ਸੈੱਲਜ਼ ਨੂੰ ਨੁਕਸਾਨ ਹੁੰਦਾ ਹੈ ਅਤੇ ਇਸ ਨਾਲ ਕੈਂਸਰ ਸੈੱਲਜ਼ ਵਧਣ ਦੀ ਸੰਭਾਵਨਾ ਵੱਧ ਜਾਂਦੀ ਹੈ। ਖ਼ਾਸ ਕਰ ਕੇ ਕੋਲਨ (ਅੰਤੜੀਆਂ) ਅਤੇ ਬ੍ਰੈੱਸਟ ਕੈਂਸਰ ਦੇ ਮਾਮਲਿਆਂ 'ਚ ਇਹ ਖ਼ਤਰਾ ਬਹੁਤ ਵੱਧ ਪਾਇਆ ਗਿਆ ਹੈ।

ਹਾਨੀਕਾਰਕ ਕੈਮੀਕਲਾਂ ਦਾ ਇਸਤੇਮਾਲ: ਮੈਦੇ ਨੂੰ ਚਿੱਟਾ ਰੰਗ ਦੇਣ ਲਈ ਕਈ ਵਾਰ ਬਲੀਚਿੰਗ ਏਜੈਂਟਸ ਜਿਵੇਂ ਕਿ Benzoyl Peroxide ਆਦਿ ਵਰਤੇ ਜਾਂਦੇ ਹਨ। ਇਹ ਕੈਮੀਕਲਜ਼ ਲਿਵਰ (ਜਿਗਰ) ਦੀ ਕਾਰਗੁਜ਼ਾਰੀ 'ਤੇ ਬੁਰਾ ਅਸਰ ਪਾ ਸਕਦੇ ਹਨ।

ਪਾਚਣ ਨਾਲ ਜੁੜੀਆਂ ਸਮੱਸਿਆਵਾਂ: ਮੈਦੇ 'ਚ ਫ਼ਾਈਬਰ ਦੀ ਕਮੀ ਕਾਰਨ ਇਸ ਨੂੰ ਪਚਾਉਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਦਾ ਵੱਧ ਸੇਵਨ ਗੈਸ, ਕਬਜ਼ ਅਤੇ ਪੇਟ ਫੁੱਲਣ ਵਰਗੀਆਂ ਸਮੱਸਿਆਵਾਂ ਪੈਦਾ ਕਰਦਾ ਹੈ। ਇਹ ਅੰਤੜੀਆਂ ਦੀ ਗਤੀ ਨੂੰ ਹੌਲੀ ਕਰ ਦਿੰਦਾ ਹੈ ਜਿਸ ਨਾਲ ਡਾਇਜੈਸ਼ਨ ਕਮਜ਼ੋਰ ਹੋ ਜਾਂਦਾ ਹੈ।

ਸ਼ਰੀਰ 'ਤੇ ਅਸਰ ਘਟਾਉਣ ਲਈ ਕੀ ਕਰੀਏ? ਹੈੱਲਥ ਮਾਹਿਰ ਕਹਿੰਦੇ ਹਨ ਕਿ ਮੈਦਾ ਪੂਰੀ ਤਰ੍ਹਾਂ ਛੱਡਣਾ ਲਾਜ਼ਮੀ ਨਹੀਂ, ਪਰ ਇਸ ਦੀ ਮਾਤਰਾ ਸੀਮਿਤ ਰੱਖਣੀ ਚਾਹੀਦੀ ਹੈ। ਮੈਦੇ ਦੀ ਥਾਂ ਕਣਕ, ਜਵਾਰ ਜਾਂ ਬਾਜਰੇ ਦਾ ਆਟਾ ਵਰਤੋਂ। ਆਪਣੀ ਡਾਇਟ 'ਚ ਫ਼ਾਈਬਰ ਵਾਲੇ ਅਨਾਜ, ਤਾਜ਼ੇ ਫ਼ਲ ਅਤੇ ਸਬਜ਼ੀਆਂ ਸ਼ਾਮਿਲ ਕਰੋ।

ਜੇਕਰ ਤੁਸੀਂ ਆਪਣੀ ਸਿਹਤ ਸਬੰਧੀ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ।

ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਿਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ 'ਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਗੋਡੇ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖ਼ਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡਾਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣਾ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ KSB ਨਾਲ 1-416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ 'ਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

herbalremedies.ca

ਮਰਦਾਨਾ ਕਮਜ਼ੋਰੀ
416-992-5489

ਸਸਤਾ ਹਵਾਈ ਸਫ਼ਰ
604-217-4114

ਵਿਜ਼ਟਰ ਇੰਸ਼ੋਰੈਂਸ
778-317-6262

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
ਵਧੀਆ ਰੇਟ 'ਤੇ
604-562-7000

ਸਸਤਾ ਹਵਾਈ ਸਫ਼ਰ
604-217-4114

12 Beds, 7 Baths
For 24 Guests
905-965-4644

ਬੈੱਡ ਬੱਗਜ਼ ਖ਼ਤਮ
604-999-7378

ਸਸਤੀ ਟਿਕਟਾਂ ਲਈ
604-504-3400

ਅਮਰੀਕਾ ਦੇ ਇਸ਼ਾਰੇ 'ਤੇ ਨੱਚ ਰਿਹਾ ਪਾਕਿ ਫ਼ੌਜ ਮੁਖੀ

ਲਾਹੌਰ: ਪਾਕਿਸਤਾਨੀ ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਅਮਰੀਕਾ ਦੇ ਇਸ਼ਾਰੇ 'ਤੇ ਤਾਲਿਬਾਨ ਨਾਲ ਝਗੜਾ ਮੁੱਲ ਲੈ ਰਹੇ ਹਨ। ਉਨ੍ਹਾਂ ਨੇ ਇਸ ਲਈ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਵਾਲੀ ਪਾਕਿਸਤਾਨੀ ਸਰਕਾਰ ਨੂੰ ਵੀ ਬਾਈਪਾਸ ਕਰ ਦਿੱਤਾ ਹੈ। ਨਤੀਜੇ ਵਜੋਂ ਪਾਕਿਸਤਾਨ ਅਤੇ ਤਾਲਿਬਾਨ ਵਿਚਾਲੇ ਸਬੰਧ ਸੁਧਾਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫ਼ਲ ਹੋ ਰਹੀਆਂ ਹਨ। ਸਰਹੱਦ ਪਾਰ ਦੇ ਸੂਤਰਾਂ ਅਨੁਸਾਰ ਤੁਰਕੀ ਦੇ ਇਸਤਾਨਬੁਲ 'ਚ ਹੋ ਰਹੀ ਪਾਕਿਸਤਾਨ-ਅਫ਼ਗ਼ਾਨਿਸਤਾਨ ਸ਼ਾਂਤੀ ਵਾਰਤਾ ਜੰਗਬੰਦੀ ਲਈ ਕਾਇਮ ਹੈ, ਪਰ ਉਹ ਬਿਨਾਂ ਕਿਸੇ ਠੋਸ ਨਤੀਜੇ ਦੇ ਖ਼ਤਮ ਹੋ ਗਈ ਹੈ। ਹਾਲਾਂਕਿ ਇਸ ਦੌਰਾਨ ਬੰਦ ਦਰਵਾਜ਼ਿਆਂ ਪਿੱਛੇ ਹੋਏ ਦੋ ਖ਼ੁਲਾਸਿਆਂ ਨੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਪਹਿਲਾ ਖ਼ੁਲਾਸਾ ਇਹ ਹੋਇਆ ਹੈ ਕਿ ਅਮਰੀਕਾ ਅਫ਼ਗ਼ਾਨਿਸਤਾਨ ਦੇ ਅੰਦਰ ਹਵਾਈ ਹਮਲੇ ਕਰਨ ਲਈ ਪਾਕਿਸਤਾਨੀ ਹਵਾਈ ਖੇਤਰ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ ਹੈ। ਪਾਕਿਸਤਾਨ ਇਨ੍ਹਾਂ ਹਮਲਿਆਂ ਨੂੰ ਰੋਕਣ 'ਚ ਆਪਣੀ ਬੇਵਸੀ ਵੀ ਜ਼ਾਹਿਰ ਕਰ ਰਿਹਾ ਹੈ।

ਦੂਜਾ ਖ਼ੁਲਾਸਾ ਫ਼ੀਲਡ ਮਾਰਸ਼ਲ ਆਸਿਮ ਮੁਨੀਰ ਦੀ ਅਗਵਾਈ ਵਾਲੀ ਪਾਕਿਸਤਾਨ ਦੀ ਸ਼ਕਤੀਸ਼ਾਲੀ ਫ਼ੌਜ ਅਫ਼ਗ਼ਾਨਿਸਤਾਨ ਨਾਲ ਤਨਾਅ ਵਧਾਉਣ ਲਈ ਸ਼ਾਹਬਾਜ਼ ਸ਼ਰੀਫ਼ ਨੂੰ ਪਾਸੇ ਕਰ ਰਹੀ ਹੈ। ਦਰਅਸਲ ਪਿਛਲੇ ਕਈ ਮਹੀਨਿਆਂ ਤੋਂ ਪਾਕਿਸਤਾਨ ਅਤੇ ਅਫ਼ਗ਼ਾਨਿਸਤਾਨ 'ਚਾਲੇ ਤਨਾਅ ਸਿਖਰ 'ਤੇ ਚੱਲ ਰਿਹਾ ਹੈ। ਇਸ ਮਹੀਨੇ ਦੀ ਸ਼ੁਰੂਆਤ 'ਚ ਪਾਕਿਸਤਾਨ ਨੇ ਤਾਲਿਬਾਨ ਸ਼ਾਸਿਤ ਅਫ਼ਗ਼ਾਨਿਸਤਾਨ ਦੇ ਅੰਦਰੂਨੀ ਇਲਾਕਿਆਂ 'ਚ ਹਵਾਈ ਹਮਲੇ ਅਤੇ ਗੋਲੀਬਾਰੀ ਕੀਤੀ ਸੀ। ਪਾਕਿਸਤਾਨ ਦੇ ਫ਼ੌਜ ਮੁਖੀ ਜਨਰਲ ਆਸਿਮ ਮੁਨੀਰ ਨੂੰ ਅਮਰੀਕਾ ਦਾ ਆਸ਼ੀਰਵਾਦ ਪ੍ਰਾਪਤ ਹੈ। ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ

ਸਸਤਾ ਹਵਾਈ ਸਫ਼ਰ
604-217-4114
ਮਰਦਾਨਾ ਕਮਜ਼ੋਰੀ
416-992-5489
KEY CUTTING AND PROGRAMMING
236-999-7980
ਡਾਲਰ ਦਾ ਵਧੀਆ ਰੇਟ?
778-246-2500
12 Beds, 7 Baths For 24 Guests
905-965-4644
ਬੈੱਡ ਬੱਗਜ਼ ਖ਼ਤਮ
604-999-7378
ਮਰਦਾਨਾ ਕਮਜ਼ੋਰੀ
416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ
604-825-2222

ਟਰੰਪ ਦੇ ਨਾਂ 'ਤੇ ਬਣਾ ਲਿਆ ਆਧਾਰ ਕਾਰਡ

ਮੁੰਬਈ: ਮੁੰਬਈ ਪੁਲੀਸ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਾਮ 'ਤੇ ਫ਼ਰਜ਼ੀ ਆਧਾਰ ਕਾਰਡ ਬਣਾਉਣ ਅਤੇ ਉਸ ਦਾ ਇਸਤੇਮਾਲ ਫ਼ਰਜ਼ੀ ਵੋਟਰ ਰੈਜਿਸਟਰੇਸ਼ਨ ਲਈ ਕਰਨ ਦੇ ਮਾਮਲੇ 'ਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਅਧਿਕਾਰੀਆਂ ਨੇ ਇਸ ਬਾਰੇ ਜਾਣਕਾਰੀ ਦਿੱਤੀ।

ਫ਼ਰਜ਼ੀ ਵੈੱਬਸਾਈਟ ਤੋਂ ਬਣ ਰਹੇ ਸਨ ਆਧਾਰ ਕਾਰਡ: ਰਾਸ਼ਟਰੀਵਾਦੀ ਕਾਂਗਰਸ ਪਾਰਟੀ (ਸ਼ਰਦ ਪਾਵਰ ਗਰੁੱਪ) ਦੇ ਵਿਧਾਇਕ ਰੋਹਿਤ ਪਾਵਰ ਨੇ 16 ਅਕਤੂਬਰ ਨੂੰ ਪ੍ਰੈੱਸ ਕਾਨਫ਼ਰੰਸ ਦੌਰਾਨ ਦੱਸਿਆ ਸੀ ਕਿ ਇੱਕ ਵੈੱਬਸਾਈਟ ਰਾਹੀਂ ਫ਼ਰਜ਼ੀ ਆਧਾਰ ਕਾਰਡ ਬਣਾਏ ਜਾ ਰਹੇ ਹਨ ਜਿਨ੍ਹਾਂ ਦਾ ਇਸਤੇਮਾਲ ਫ਼ਰਜ਼ੀ ਵੋਟਰ ਰੈਜਿਸਟਰੇਸ਼ਨ ਲਈ ਕੀਤਾ ਜਾ ਰਿਹਾ ਸੀ। ਭਾਜਪਾ ਦੇ ਸੋਸ਼ਲ ਮੀਡੀਆ ਸੈੱਲ ਦੇ ਸਹਿ-ਸੰਯੋਜਕ ਧਨੰਜਯ ਵਾਗਸਕਰ ਨੇ ਇੱਕ ਯੂਟਿਊਬ ਚੈਨਲ 'ਤੇ ਇਸ ਬਾਰੇ ਵੀਡੀਓ ਦੇਖੀ ਜਿਸ 'ਚ ਭਾਜਪਾ ਦੇ ਇੱਕ ਅਧਿਕਾਰੀ 'ਤੇ ਵੀ ਦੋਸ਼ ਲਗਾਏ ਗਏ ਸਨ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਵਾਗਸਕਰ ਨੇ ਵੈੱਬਸਾਈਟ ਦੇ ਅਣਪਛਾਤੇ ਨਿਰਮਾਤਾ, ਮਾਲਕ ਅਤੇ ਉਪਭੋਗਤਾ ਸਮੇਤ ਹੋਰਾਂ ਖ਼ਿਲਾਫ਼ ਪੁਲੀਸ 'ਚ ਸ਼ਿਕਾਇਤ ਦਿੱਤੀ।

ਪੁਲੀਸ ਨੇ ਸਾਈਬਰ ਕਾਨੂੰਨਾਂ ਤਹਿਤ ਦਰਜ ਕੀਤਾ ਕੇਸ: ਸ਼ਿਕਾਇਤ ਦੇ ਅਧਾਰ 'ਤੇ ਮੁੰਬਈ ਸਾਈਬਰ ਪੁਲੀਸ ਨੇ ਭਾਰਤੀ ਨਿਆਂ ਸੰਹਿਤਾ (BNS) ਦੀਆਂ ਸੰਬੰਧਿਤ ਧਾਰਾਵਾਂ ਅਤੇ ਸੂਚਨਾ ਤਕਨਾਲੋਜੀ ਕਾਨੂੰਨ ਤਹਿਤ ਜਾਲਸਾਜ਼ੀ, ਪਹਿਚਾਣ ਚੋਰੀ, ਝੂਠੀ ਜਾਣਕਾਰੀ ਫ਼ੈਲਾਉਣ ਸਮੇਤ ਹੋਰ ਗੰਭੀਰ ਦੋਸ਼ਾਂ 'ਚ ਦੋ ਅਣਪਛਾਤੇ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਵਾਗਸਕਰ ਨੇ ਆਪਣੀ ਸ਼ਿਕਾਇਤ 'ਚ ਕਿਹਾ ਕਿ ਇਹ ਧੋਖਾਧੜੀ ਦੀ ਸਾਜ਼ਿਸ਼ ਭਾਰਤ ਦੇ ਇੱਕ ਸਵੈ-ਸ਼ਾਸ਼ਤਰੀ ਸੰਸਥਾਨ ਅਤੇ ਭਾਜਪਾ ਪਾਰਟੀ ਖ਼ਿਲਾਫ਼ ਜਨਤਾ 'ਚ ਗੁੱਸਾ ਅਤੇ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਇੱਕ ਫ਼ਰਜ਼ੀ ਵੈੱਬਸਾਈਟ ਰਾਹੀਂ ਆਧਾਰ ਕਾਰਡ ਬਣਾ ਕੇ ਸਮਾਜ ਦੇ ਦੋ ਵਰਗਾਂ 'ਚ ਤਨਾਅ ਪੈਦਾ ਕਰਨ ਦੀ ਯੋਜਨਾ ਬਣਾਈ ਗਈ ਸੀ।

ਵੋਟਰ ਸੂਚੀ 'ਚ ਗੜਬੜੀਆਂ ਦਾ ਦੋਸ਼: ਰੋਹਿਤ ਪਾਵਰ ਨੇ ਇਹ ਵੀ ਦੋਸ਼ ਲਗਾਇਆ ਕਿ ਪਿਛਲੇ ਸਾਲ ਦੇ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੀ ਅਗਵਾਈ ਵਾਲੀ ਮਹਾਯੁਤੀ ਗਠਜੋੜ ਲਈ ਹਾਨੀਕਾਰਕ ਨਤੀਜੇ ਆਉਣ ਤੋਂ ਬਾਅਦ ਫ਼ਰਜ਼ੀ ਵੋਟਰ ਰੈਜਿਸਟਰੇਸ਼ਨ, ਅਸਲੀ ਵੋਟਰਾਂ ਦੇ ਨਾਮ ਹਟਾਉਣ ਅਤੇ ਦੋਹਰੇ ਵੋਟਰ ਰੈਜਿਸਟਰੇਸ਼ਨ ਵਰਗੀਆਂ ਗੜਬੜੀਆਂ ਹੋਈਆਂ ਸਨ। ਉਨ੍ਹਾਂ ਕਿਹਾ ਕਿ 2019 ਤੋਂ 2024 ਦੇ 'ਚਕਾਰ 32 ਲੱਖ ਨਵੇਂ ਵੋਟਰਜ਼ ਜੋੜੇ ਗਏ ਜਿਹੜਾ ਪ੍ਰਤੀ ਮਹੀਨਾ ਲਗਭਗ 54 ਹਜ਼ਾਰ ਵੋਟਰਾਂ ਦੇ ਵਾਧੇ ਦੇ ਬਰਾਬਰ ਹੈ, ਪਰ ਸਿਰਫ਼ ਪੰਜ ਮਹੀਨੇ (ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਦੇ ਵਿਚਕਾਰ) 'ਚ 48 ਲੱਖ ਵੋਟਰਾਂ ਦੇ ਜੋੜੇ ਜਾਣਾ ਸ਼ੱਕ ਦੇ ਘੇਰੇ 'ਚ ਹੈ। ਰੋਹਿਤ ਪਾਵਰ ਨੇ ਇਹ ਵੀ ਦੱਸਿਆ ਕਿ ਕੁੱਝ ਸਥਿਤੀਆਂ 'ਚ ਇੱਕ ਹੀ ਆਧਾਰ ਕਾਰਡ ਦੀ ਤਸਵੀਰ ਅਤੇ ਨਾਮ ਬਦਲ ਕੇ ਦੂਜੇ ਹਲਕੇ 'ਚ ਵੋਟਰ ਬਣਾਇਆ ਗਿਆ ਸੀ।

H-1B ਵੀਜ਼ਿਆਂ ਦਾ 72 ਫ਼ੀਸਦੀ ਭਾਰਤੀਆਂ ਨੂੰ ਹੁੰਦੈ ਫ਼ਾਇਦਾ - Trump

ਵਾਸ਼ਿੰਗਟਨ: ਅਮਰੀਕਾ ਦੇ ਕਿਰਤ ਵਿਭਾਗ ਨੇ ਸੋਸ਼ਲ ਮੀਡੀਆ 'ਤੇ ਇੱਕ ਨਵਾਂ ਵਿਗਿਆਪਨ ਜਾਰੀ ਕਰਕੇ ਕੰਪਨੀਆਂ 'ਤੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਦਾ ਗ਼ਲਤ ਇਸਤੇਮਾਲ ਕਰਨ ਅਤੇ ਅਮਰੀਕੀ ਨੌਜਵਾਨਾਂ ਦੀਆਂ ਨੌਕਰੀਆਂ ਵਿਦੇਸ਼ੀ ਕਰਮਚਾਰੀਆਂ ਨਾਲ ਬਦਲਣ ਦਾ ਦੋਸ਼ ਲਗਾਇਆ ਹੈ। ਵੀਡੀਓ 'ਚ ਭਾਰਤ ਨੂੰ ਇਸ ਪ੍ਰਣਾਲੀ ਦੇ ਸਭ ਤੋਂ ਵੱਡੇ ਲਾਭਪਾਤਰੀ ਵਜੋਂ ਉਜਾਗਰ ਕੀਤਾ ਗਿਆ ਹੈ। ਲੇਬਰ ਵਿਭਾਗ ਨੇ X 'ਤੇ ਆਪਣੀ ਇੱਕ ਪੋਸਟ 'ਚ ਕਿਹਾ ਕਿ H-1B ਵੀਜ਼ਾ ਦੀ ਬੇਤਹਾਸ਼ਾ ਦੁਰਵਰਤੋਂ ਕਾਰਨ ਨੌਜਵਾਨ ਅਮਰੀਕੀਆਂ ਦਾ ਅਮਰੀਕਨ ਡ੍ਰੀਮ ਉਨ੍ਹਾਂ ਤੋਂ ਖੋਹ ਲਿਆ ਗਿਆ ਹੈ ਕਿਉਂਕਿ ਉਨ੍ਹਾਂ ਦੀਆਂ ਨੌਕਰੀਆਂ ਵਿਦੇਸ਼ੀ ਵਰਕਰਾਂ ਨੂੰ ਦੇ ਦਿੱਤੀਆਂ ਗਈਆਂ ਹਨ।"

ਵਿਭਾਗ ਨੇ ਲਿਖਿਆ, "ਰਾਸ਼ਟਰਪਤੀ ਡੋਨਲਡ ਟਰੰਪ ਅਤੇ ਮੰਤਰੀ ਲੋਰੀ ਸ਼ਾਵੇਜ਼-ਡੀਰੀਮਰ ਦੀ ਅਗਵਾਈ ਹੇਠ ਹੁਣ ਅਸੀਂ ਕੰਪਨੀਆਂ ਨੂੰ ਜਵਾਬਦੇਹ ਬਣਾ ਰਹੇ ਹਾਂ ਅਤੇ ਅਮਰੀਕੀ ਲੋਕਾਂ ਲਈ ਅਮਰੀਕਨ ਡ੍ਰੀਮ ਵਾਪਿਸ ਲੈ ਰਹੇ ਹਾਂ। ਇਹ ਮੁਹਿੰਮ ਪ੍ਰੋਜੈਕਟ ਫ਼ਾਇਰਵਾਲ ਤਹਿਤ ਚਲਾਈ ਜਾ ਰਹੀ ਹੈ ਜੋ ਕਿ 2025 ਦੇ ਸਤੰਬਰ 'ਚ ਸ਼ੁਰੂ ਹੋਈ ਸੀ। ਇਸ ਮੁਹਿੰਮ ਦਾ ਉਦੇਸ਼ ਕੰਪਨੀਆਂ ਨੂੰ ਤਕਨੀਕੀ ਅਤੇ ਇੰਜੀਨੀਅਰਿੰਗ ਭੂਮਿਕਾਵਾਂ 'ਚ ਅਮਰੀਕੀ ਕਰਮਚਾਰੀਆਂ ਨੂੰ ਘੱਟ ਤਨਖ਼ਾਹ ਵਾਲੇ ਵਿਦੇਸ਼ੀ ਪੇਸ਼ੇਵਰਾਂ ਨਾਲ ਬਦਲਣ ਤੋਂ ਰੋਕਣਾ ਹੈ।

51 ਸਕਿੰਟਾਂ ਦੇ ਇਸ ਵਿਗਿਆਪਨ 'ਚ 1950 ਦੇ ਦਹਾਕੇ ਦੀਆਂ ਅਮਰੀਕਨ ਡ੍ਰੀਮ ਦੀਆਂ ਤਸਵੀਰਾਂ ਦੀ ਆਧੁਨਿਕ ਅੰਕੜਿਆਂ ਨਾਲ ਤੁਲਨਾ ਕੀਤੀ ਗਈ ਹੈ। ਇਸ 'ਚ ਦਾਅਵਾ ਕੀਤਾ ਗਿਆ ਹੈ ਕਿ H-1B ਵੀਜ਼ਿਆਂ ਦੇ 72 ਫ਼ੀਸਦੀ ਅਪਰੂਵਲਜ਼ ਭਾਰਤੀ ਨਾਗਰਿਕਾਂ ਨੂੰ ਮਿਲਦੇ ਹਨ। ਵੀਡੀਓ 'ਚ ਕਿਹਾ ਗਿਆ ਹੈ ਕਿ ਟਰੰਪ ਪ੍ਰਸ਼ਾਸਨ ਹੁਣ ਅਮਰੀਕਨ ਨੌਜਵਾਨਾਂ ਲਈ ਇੱਕ ਨਵਾਂ ਮੌਕਾ ਲੈ ਕੇ ਆ ਰਿਹਾ ਹੈ, ਅਤੇ ਕੰਪਨੀਆਂ ਨੂੰ ਅਮਰੀਕੀਆਂ ਨੂੰ ਤਰਜੀਹ ਦੇਣ ਲਈ ਮਜਬੂਰ ਕਰ ਰਿਹਾ ਹੈ।ਇਹ ਐਡ ਟਰੰਪ ਸਰਕਾਰ ਦੇ ਦੂਜੇ ਕਾਰਜਕਾਲ ਦੇ ਅਮਰੀਕਾ ਫ਼ਸਟ ਏਜੈਂਡੇ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਪ੍ਰਸ਼ਾਸਨ ਵਲੋਂ ਘੋਸ਼ਣਾ ਕੀਤੀ ਗਈ ਹੈ ਕਿ ਪ੍ਰੋਜੈਕਟ ਫ਼ਾਇਰਵਾਲ ਤਹਿਤ ਉਨ੍ਹਾਂ ਕੰਪਨੀਆਂ ਦੀ ਵਿਆਪਕ ਔਡਿਟ ਕੀਤੀ ਜਾਵੇਗੀ ਜੋ H-1B ਵੀਜ਼ਾ ਪ੍ਰਣਾਲੀ ਰਾਹੀਂ ਘੱਟ ਤਨਖ਼ਾਹਾਂ 'ਤੇ ਵਿਦੇਸ਼ੀ ਮਜ਼ਦੂਰਾਂ ਨੂੰ ਭਰਤੀ ਕਰਦੀਆਂ ਹਨ ਜਾਂ ਅਮਰੀਕੀ ਕਰਮਚਾਰੀਆਂ ਨੂੰ ਹਟਾਉਂਦੀਆਂ ਹਨ।

ਖ਼ਤਮ ਹੋਵੇਗੀ ਇੱਕ ਲੱਖ ਡਾਲਰਾਂ ਦੀ US ਵੀਜ਼ਾ ਫ਼ੀਸ

ਵਾਸ਼ਿੰਗਟਨ: ਬੀਤੇ ਦਿਨੀਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ H-1B ਵੀਜ਼ਾ ਨਿਯਮਾਂ ਨੂੰ ਹੋਰ ਸਖ਼ਤ ਕਰਦਿਆਂ ਵੀਜ਼ਾ ਫ਼ੀਸ ਵਧਾ ਕੇ ਇੱਕ ਲੱਖ ਅਮਰੀਕੀ ਡਾਲਰ ਕਰਨ ਦਾ ਐਲਾਨ ਕੀਤਾ ਸੀ ਜਿਸ ਮਗਰੋਂ ਅਮਰੀਕਾ ਜਾਣ ਦਾ ਸੁਪਨਾ ਦੇਖ ਰਹੇ ਲੱਖਾਂ ਭਾਰਤੀਆਂ ਦੀਆਂ ਉਮੀਦਾਂ ਨੂੰ ਇੱਕ ਕਰਾਰਾ ਝਟਕਾ ਲੱਗਾ ਸੀ।

ਟਰੰਪ ਦੇ ਇਸ ਫ਼ੈਸਲੇ ਮਗਰੋਂ ਟਰੰਪ ਦੀ ਆਪਣੇ ਹੀ ਦੇਸ਼ 'ਚ ਨਿੰਦਾ ਹੋਣ ਲੱਗੀ ਹੈ। ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਇੱਕ ਸਾਂਝੀ ਚਿੱਠੀ ਲਿਖ ਕੇ ਉਨ੍ਹਾਂ ਨੂੰ H-1B ਵੀਜ਼ਾ ਸਬੰਧੀ ਜਾਰੀ ਕੀਤੇ ਗਏ ਆਪਣੇ ਹੁਕਮ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ। ਸੰਸਦ ਮੈਂਬਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਕਦਮ ਅਮਰੀਕਾ-ਭਾਰਤ ਸਬੰਧਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਅਮਰੀਕਾ ਦੀ ਤਕਨਾਲੋਜੀ ਲੀਡਰਸ਼ਿਪ ਨੂੰ ਕਮਜ਼ੋਰ ਕਰ ਸਕਦਾ ਹੈ। ਅਮਰੀਕੀ ਪ੍ਰਤੀਨਿਧੀ ਸਭਾ ਦੇ ਮੈਂਬਰਾਂ ਜਿਮੀ ਪਨੈਟਾ, ਕਾਂਗਰਸ ਦੇ ਅਮੀ ਬੈਰਾ, ਸਾਲੁਦ ਕਾਰਬਾਜਲ ਅਤੇ ਜੂਲੀ ਜੌਨਸਨ ਨੇ ਟਰੰਪ ਨੂੰ ਇਹ ਅਪੀਲ ਕੀਤੀ ਹੈ।

ਸੰਸਦ ਮੈਂਬਰਾਂ ਨੇ ਟਰੰਪ ਨੂੰ ਲਿਖੀ ਚਿੱਠੀ 'ਚ ਜ਼ੋਰ ਦੇ ਕੇ ਕਿਹਾ ਕਿ H-1B ਵੀਜ਼ਾ ਪ੍ਰੋਗਰਾਮ ਅਮਰੀਕੀ ਅਰਥਵਿਵਸਥਾ, ਰਾਸ਼ਟਰੀ ਸੁਰੱਖਿਆ ਅਤੇ ਪ੍ਰਤੀਯੋਗੀ ਲਾਭਾਂ ਲਈ ਜਿੰਨਾ ਮਹੱਤਵਪੂਰਣ ਹੈ, ਉਹ ਭਾਰਤ ਨਾਲ ਅਮਰੀਕਾ ਦੇ ਰਿਸ਼ਤਿਆਂ ਅਤੇ ਭਾਰਤੀ-ਅਮਰੀਕੀ ਭਾਈਚਾਰੇ ਲਈ ਵੀ ਓਨਾ ਹੀ ਜ਼ਰੂਰੀ ਹੈ।

ਉਨ੍ਹਾਂ ਨੇ ਦੱਸਿਆ ਕਿ ਭਾਰਤੀ ਨਾਗਰਿਕ, ਜੋ H-1B ਦਾ ਸਭ ਤੋਂ ਵੱਡਾ ਹਿੱਸਾ ਹਨ, ਅਮਰੀਕੀ ਸੂਚਨਾ ਤਕਨਾਲੋਜੀ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ (19) ਖੇਤਰਾਂ 'ਚ ਅਮਰੀਕਾ ਦੀ ਅਗਵਾਈ ਲਈ ਕੇਂਦਰੀ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਸਾਲ 71 ਪ੍ਰਤੀਸ਼ਤ H-1B ਧਾਰਕ ਭਾਰਤ ਦੇ ਮੂਲ ਦੇ ਸਨ।

ਸੰਸਦ ਮੈਂਬਰਾਂ ਨੇ ਟਰੰਪ ਦਾ ਧਿਆਨ ਇਸ ਗੱਲ ਵੱਲ ਵੀ ਖਿੱਚਿਆ ਕਿ ਖ਼ਾਸ ਤੌਰ 'ਤੇ ਜਦੋਂ ਚੀਨ 19 ਅਤੇ ਉੱਚ ਤਕਨੀਕੀ ਖੇਤਰਾਂ 'ਚ ਤੇਜ਼ੀ ਨਾਲ ਨਿਵੇਸ਼ ਕਰ ਰਿਹਾ ਹੈ ਤਾਂ ਅਮਰੀਕਾ ਲਈ ਆਪਣੀ ਪ੍ਰਤੀਯੋਗੀ ਸਥਿਤੀ ਬਣਾਈ ਰੱਖਣ ਲਈ ਵਿਸ਼ਵ ਭਰ ਦੀ ਪ੍ਰਤਿਭਾ ਨੂੰ ਆਕਰਸ਼ਿਤ ਕਰਨਾ ਜ਼ਰੂਰੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਪ੍ਰਤਿਭਾ ਨੂੰ ਆਕਰਸ਼ਿਤ ਕਰਨਾ ਇੰਡੋ-ਪੈਸੇਫ਼ਿਕ 'ਚ ਮੁੱਖ ਲੋਕਤੰਤਰੀ ਭਾਈਵਾਲ ਭਾਰਤ ਨਾਲ ਅਮਰੀਕਾ ਦੀ ਰਣਨੀਤਕ ਸਾਂਝੇਦਾਰੀ ਨੂੰ ਮਜ਼ਬੂਤ ਕਰਦਾ ਹੈ।

ਅੰਤ 'ਚ ਸੰਸਦ ਮੈਂਬਰਾਂ ਨੇ ਟਰੰਪ ਨੂੰ 19 ਸਤੰਬਰ ਨੂੰ ਕੀਤੇ ਗਏ ਐਲਾਨ 'ਤੇ ਮੁੜ ਵਿਚਾਰ ਕਰਨ ਅਤੇ ਅਮਰੀਕਾ ਦੇ ਲੰਬੇ ਸਮੇਂ ਦੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਨ ਲਈ H-1B ਪ੍ਰਣਾਲੀ ਨੂੰ ਸੀਮਤ ਕਰਨ ਦੀ ਬਜਾਏ ਵਧਾਉਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਦੱਸਿਆ ਕਿ 8-1B ਪੇਸ਼ੇਵਰ ਨਵੀਨਤਾ ਲਿਆਉਂਦੇ ਹਨ, ਪੇਟੈਂਟ ਫ਼ਾਈਲਿੰਗ ਨੂੰ ਵਧਾਉਂਦੇ ਹਨ ਅਤੇ ਨਵੇਂ ਕਾਰੋਬਾਰ ਸ਼ੁਰੂ ਕਰਨ 'ਚ ਮਦਦ ਕਰਦੇ ਹਨ ਜੋ ਅਮਰੀਕੀਆਂ ਲਈ ਵੀ ਰੁਜ਼ਗਾਰ ਦੇ ਮੌਕੇ ਪੈਦਾ ਕਰਦੇ ਹਨ।

KEY CUTTING AND PROGRAMMING
236-999-7980
ਵਿਜ਼ਟਰ ਇੰਸ਼ੋਰੈਂਸ
778-317-6262
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ
604-562-7000
12 Beds, 7 Baths For 24 Guests
905-965-4644
ਮਰਦਾਨਾ ਕਮਜ਼ੋਰੀ
416-992-5489
ਸਸਤਾ ਹਵਾਈ ਸਫ਼ਰ
604-217-4114
ਬੈੱਡ ਬੱਗਜ਼ ਖ਼ਤਮ
604-999-7378
ਡਾਲਰ ਦਾ ਵਧੀਆ ਰੇਟ?
778-246-2500

ਕਾਰ 'ਤੇ ਪਿਸ਼ਾਬ ਕਰਨੋਂ ਰੋਕਣ 'ਤੇ ਕੀਤਾ ਭਾਰਤੀ ਦਾ ਕਤਲ

ਐਡਮੰਟਨ: ਸੈਂਟਰਲ ਐਡਮੰਟਨ 'ਚ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ ਜਿੱਥੇ ਇੱਕ 55 ਸਾਲਾ ਭਾਰਤੀ ਮੂਲ ਦੇ ਕਾਰੋਬਾਰੀ ਅਰਵੀ ਸਿੰਘ ਸਾਗੂ ਦਾ ਜਾਨਲੇਵਾ ਹਮਲਾ ਕਰ ਕੇ ਕਤਲ ਕਰ ਦਿੱਤਾ ਗਿਆ। ਇਹ ਘਟਨਾ ਓਦੋਂ ਵਾਪਰੀ ਜਦੋਂ ਉਨ੍ਹਾਂ ਦਾ ਸਾਹਮਣਾ ਇੱਕ ਅਜਨਬੀ ਨਾਲ ਹੋਇਆ ਜੋ ਉਨ੍ਹਾਂ ਦੀ ਕਾਰ 'ਤੇ ਪਿਸ਼ਾਬ ਕਰ ਰਿਹਾ ਸੀ। ਐਡਮੰਟਨ ਪੁਲੀਸ ਸੇਵਾ ਨੇ ਇੱਕ ਬਿਆਨ 'ਚ ਦੱਸਿਆ ਕਿ ਪੀੜਤ ਅਰਵੀ ਸਿੰਘ ਸਾਗੂ ਨੇ ਹਮਲੇ ਤੋਂ ਪੰਜ ਦਿਨਾਂ ਬਾਅਦ ਹਸਪਤਾਲ 'ਚ ਇਲਾਜ ਦੌਰਾਨ ਦਮ ਤੋੜ ਦਿੱਤਾ।

ਪੁਲੀਸ ਨੇ ਇੱਕ ਬਿਆਨ 'ਚ ਕਿਹਾ ਕਿ 19 ਅਕਤੂਬਰ ਨੂੰ ਲਗਭਗ ਸਵੇਰੇ 2:20 ਵਜੇ ਪੁਲੀਸ ਨੂੰ 109 ਸਟ੍ਰੀਟ ਅਤੇ 100 ਐਵੇਨਿਊ ਦੇ ਨੇੜੇ ਇੱਕ ਹਮਲੇ ਦੀ ਸੂਚਨਾ ਮਿਲੀ ਸੀ। ਮੌਕੇ 'ਤੇ ਪਹੁੰਚਣ 'ਤੇ ਅਧਿਕਾਰੀਆਂ ਨੂੰ ਉੱਥੇ ਬੇਹੋਸ਼ ਪਿਆ ਇੱਕ 55 ਸਾਲਾ ਵਿਅਕਤੀ ਮਿਲਿਆ। ਉਸ ਵਿਅਕਤੀ ਦਾ ਇਲਾਜ ਕੀਤਾ ਗਿਆ ਅਤੇ ਉਸ ਨੂੰ ਐਮਰਜੈਂਸੀ ਮੈਡੀਕਲ ਸੇਵਾਵਾਂ ਦੁਆਰਾ ਜਾਨਲੇਵਾ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ, ਪਰ ਜ਼ਖ਼ਮਾਂ ਦੀ ਤਾਬ ਨਾ ਝਲਦਿਆਂ ਅਰਵੀ ਨੇ 24 ਅਕਤੂਬਰ ਨੂੰ ਦਮ ਤੋੜ ਦਿੱਤਾ।

ਮੀਡੀਆ ਰਿਪੋਰਟਾਂ ਮੁਤਾਬਿਕ ਅਰਵੀ ਸਾਗੂ ਅਤੇ ਉਸ ਦੀ ਪ੍ਰੇਮਿਕਾ ਐਲਬਰਟਾ ਵਿਧਾਨ ਸਭਾ ਦੇ ਨੇੜੇ ਇੱਕ ਰੈਸਟੋਰੈਂਟ 'ਚ ਖਾਣਾ ਖਾਣ ਤੋਂ ਬਾਅਦ ਆਪਣੀ ਗੱਡੀ ਵਲ ਜਾ ਰਹੇ ਸਨ। ਉੱਥੇ ਉਸ ਨੇ ਦੇਖਿਆ ਕਿ ਕੋਈ ਉਸ ਦੀ ਕਾਰ 'ਤੇ ਪਿਸ਼ਾਬ ਕਰ ਰਿਹਾ ਸੀ। ਜਦੋਂ ਅਰਵੀ ਨੇ ਪੁੱਛਿਆ ਕਿ ਕੀ ਹੋ ਰਿਹਾ ਹੈ ਤਾਂ ਦੋਸ਼ੀ ਨੇ ਉਸ 'ਤੇ ਹਮਲਾ ਕਰ ਦਿੱਤਾ। ਹਮਲਾਵਰ ਨੇ ਅਰਵੀ ਦੇ ਸਿਰ 'ਤੇ ਮੁੱਕਾ ਮਾਰਿਆ ਜਿਸ ਨਾਲ ਉਹ ਜ਼ਮੀਨ 'ਤੇ ਡਿੱਗ ਪਿਆ। ਉਸ ਦੀ ਪ੍ਰੇਮਿਕਾ ਨੇ ਤੁਰੰਤ ਪੁਲੀਸ ਨੂੰ ਫ਼ੋਨ ਕੀਤਾ। ਜਦੋਂ ਮੈਡੀਕਲ ਸੇਵਾਵਾਂ ਪਹੁੰਚੀਆਂ ਤਾਂ ਅਰਵੀ ਪਹਿਲਾਂ ਹੀ ਬੇਹੋਸ਼ ਸੀ। ਉਸ ਨੂੰ ਜਾਨਲੇਵਾ ਸੱਟਾਂ ਦੇ ਨਾਲ ਹਸਪਤਾਲ ਲਿਜਾਇਆ ਗਿਆ ਅਤੇ ਲਾਈਫ਼ ਸਪੋਰਟ 'ਤੇ ਰੱਖਿਆ ਗਿਆ, ਪਰ ਪੰਜ ਦਿਨਾਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ।ਪੁਲੀਸ ਨੇ ਦੱਸਿਆ ਕਿ 40 ਸਾਲਾ ਕਾਇਲ ਪੈਪਿਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਅਤੇ ਉਸ 'ਤੇ ਗੰਭੀਰ ਹਮਲੇ ਦਾ ਦੋਸ਼ ਲਗਾਇਆ ਗਿਆ ਹੈ। ਪੁਲੀਸ ਨੇ ਸਪੱਸ਼ਟ ਕੀਤਾ ਕਿ ਦੋਵੇਂ ਵਿਅਕਤੀ ਇੱਕ-ਦੂਜੇ ਨੂੰ ਨਹੀਂ ਸਨ ਜਾਣਦੇ। ਐਡਮੰਟਨ ਪੁਲੀਸ ਸਰਵਿਸਿਜ਼ ਲਗਾਤਾਰ ਜਾਂਚ ਕਰ ਰਹੀ ਹੈ, ਅਤੇ ਅਰਵੀ ਦੀ ਮੌਤ ਨਾਲ ਸਬੰਧਤ ਹੋਰ ਦੋਸ਼ ਲਗਾਏ ਜਾਣੇ ਬਾਕੀ ਹਨ।

ਕਿੰਗ ਚਾਰਲਸ ਨੇ ਖੋਹੇ ਪ੍ਰਿੰਸ ਐਂਡਰਿਊ ਦੇ ਸ਼ਾਹੀ ਖ਼ਿਤਾਬ

ਲੰਡਨ: ਬ੍ਰਿਟੇਨ ਦੇ ਕਿੰਗ ਚਾਰਲਸ ਨੇ ਆਪਣੇ ਭਰਾ ਪ੍ਰਿੰਸ ਐਂਡਰਿਊ ਤੋਂ ਸਾਰੇ ਸ਼ਾਹੀ ਖ਼ਿਤਾਬ ਅਤੇ ਸਨਮਾਨ ਵਾਪਿਸ ਲੈਣ ਦਾ ਫ਼ੈਸਲਾ ਕੀਤਾ ਹੈ। ਬਕਿੰਘਮ ਪੈਲੇਸ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਐਂਡਰਿਊ ਹੁਣ ਤੋਂ ਐਂਡਰੂ ਮਾਊਂਟਬੈ

ਸਸਤਾ ਹਵਾਈ ਸਫ਼ਰ 604-217-4114
ਵਿਜ਼ਟਰ ਇੰਸ਼ੋਰੈਂਸ 778-317-6262
KEY CUTTING AND PROGRAMMING 236-999-7980
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
12 Beds, 7 Baths For 24 Guests 905-965-4644
ਬੈੱਡ ਬੱਗਜ਼ ਖ਼ਤਮ 604-999-7378

ਕੌਣ ਬਨੇਗਾ ਕਰੋੜਪਤੀ 'ਚ ਜਾਣ ਅਤੇ ਅਮਿਤਾਬ ਦੇ ਪੈਰੀਂ ਹੱਥ ਲਾਉਣ 'ਤੇ ਦਿਲਜੀਤ ਦਾ ਬਿਆਨ

ਮੁੰਬਈ: ਕੌਣ ਬਨੇਗਾ ਕਰੋੜਪਤੀ ਸ਼ੋਅ 'ਚ ਸ਼ਾਮਿਲ ਹੋਣ ਅਤੇ ਮੇਜ਼ਬਾਨ ਅਮਿਤਾਬ ਬੱਚਨ ਦੇ ਪੈਰੀਂ ਹੱਥ ਲਾਉਣ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ ਨੂੰ ਲੈ ਕੇ SFJ ਦੇ ਗੁਰਪਤਵੰਤ ਸਿੰਘ ਪਨੂ ਦੇ ਵਲੋਂ ਦੁਸਾਂਝ ਨੂੰ ਧਮਕੀ ਦਿੱਤੀ ਗਈ ਸੀ। ਪੰਨੂ ਨੇ ਕਿਹਾ ਸੀ ਕਿ ਦਿਲਜੀਤ ਨੇ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਗਾ ਕੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦਾ ਅਪਮਾਨ ਕੀਤਾ ਹੈ।

ਇਸੇ ਨੂੰ ਲੈ ਕੇ ਹੁਣ ਦਿਲਜੀਤ ਦੁਸਾਂਝ ਨੇ ਇੱਕ ਪੋਸਟ ਪਾਈ ਹੈ। ਉਸ ਨੇ ਕਿਹਾ ਕਿ ਉਹ KBC 'ਚ ਆਪਣੇ ਕਿਸੇ ਗਾਣੇ ਦੀ ਪ੍ਰਮੋਸ਼ਨ ਲਈ ਜਾਂ ਕਿਸੇ ਫ਼ਿਲਮ ਦੀ ਪ੍ਰਮੋਸ਼ਨ ਲਈ ਨਹੀਂ ਸੀ ਗਿਆ। ਉਸ ਨੇ ਸਪੱਸ਼ਟ ਕੀਤਾ ਕਿ ਉਹ ਪੰਜਾਬ ਲਈ ਗਿਆ ਸੀ, ਅਤੇ ਖ਼ਾਸ ਕਰ ਕੇ ਪੰਜਾਬ ਦੇ ਹੜ੍ਹਾਂ ਦੀ ਗੱਲ ਨੈਸ਼ਨਲ ਪੱਧਰ 'ਤੇ ਰੱਖਣ ਲਈ ਉਹ KBC 'ਚ ਸ਼ਾਮਿਲ ਹੋਇਆ ਸੀ।

ਵਿਵਾਦ ਦਾ ਕਾਰਨ ਅਤੇ ਧਮਕੀ: KBC ਦਾ ਪ੍ਰੋਮੋ ਰੀਲੀਜ਼ ਹੋਣ ਤੋਂ ਬਾਅਦ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਦਿਲਜੀਤ ਦੁਸਾਂਝ ਨੂੰ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਾਉਂਦੇ ਹੋਏ ਦੇਖਿਆ ਗਿਆ। ਜ਼ਿਕਰਯੋਗ ਹੈ ਕਿ ਅਮਿਤਾਬ ਬੱਚਨ 'ਤੇ ਇਲਜ਼ਾਮ ਲੱਗਦੇ ਰਹੇ ਹਨ ਕਿ ਉਨਾਂ ਨੇ 1984 ਦੇ ਦੰਗਿਆਂ ਦੌਰਾਨ ਭੜਕਾਊ ਬਿਆਨਬਾਜ਼ੀ ਕੀਤੀ ਸੀ ਜਿਸ ਕਾਰਨ ਸਿੱਖਾਂ 'ਚ ਹਮੇਸ਼ਾ ਤੋਂ ਗੁੱਸਾ ਰਿਹਾ ਹੈ। ਇਸੇ ਨੂੰ ਲੈ ਕੇ ਪੰਨੂ ਦੇ ਵਲੋਂ ਦਿਲਜੀਤ ਦੁਸਾਂਝ ਨੂੰ ਧਮਕੀ ਦਿੱਤੀ ਗਈ ਸੀ।

ਪੰਜਾਬ ਪ੍ਰਤੀ ਦਿਲਜੀਤ ਦੀ ਵੱਡੀ ਜ਼ਿੰਮੇਵਾਰੀ: ਦਿਲਜੀਤ ਦੁਸਾਂਝ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹ ਪੰਜਾਬ ਨੂੰ ਹੜ੍ਹਾਂ ਦੀ ਇਸ ਮਾਰ 'ਚੋਂ ਕੱਢਣ ਲਈ ਜੋ ਕੁੱਝ ਵੀ ਕਰਨਾ ਪਿਆ, ਉਹ ਆਪਣੇ ਪੱਧਰ 'ਤੇ ਜ਼ਰੂਰ ਕਰੇਗਾ। ਉਸ ਨੇ ਕਿਹਾ ਕਿ ਉਹ ਪੰਜਾਬ ਦੀ ਗੱਲ ਨੈਸ਼ਨਲ ਲੈਵਲ ਤਕ ਲੈ ਕੇ ਜਾਵੇਗਾ। ਪ੍ਰੋਮੋ 'ਚ ਦੇਖਿਆ ਜਾ ਸਕਦਾ ਹੈ ਕਿ KBC 'ਚ ਐਂਟਰੀ ਲੈਂਦੇ ਸਮੇਂ ਦਿਲਜੀਤ ਗਾਣਾ ਗਾਉਂਦਾ ਹੈ ਜਿਸ 'ਚ ਉਹ ਕਹਿੰਦਾ ਹੈ, "ਮੈਂ ਹੂੰ ਪੰਜਾਬ।" ਇਸ ਮੌਕੇ ਅਮਿਤਾਬ ਬੱਚਨ ਵਲੋਂ ਪੰਜਾਬ ਦੇ ਪੁੱਤਰ ਦਾ ਸਵਾਗਤ ਕੀਤਾ ਜਾਂਦਾ ਹੈ।

ਵੱਡਾ ਐਲਾਨ: ਜ਼ਿਕਰਯੋਗ ਹੈ ਕਿ ਇਸ ਸ਼ੋਅ 'ਚ ਦਿਲਜੀਤ ਦੁਸਾਂਝ ਵਲੋਂ ਜਿੰਨੀ ਵੀ ਰਕਮ ਜਿੱਤੀ ਗਈ ਹੈ, ਉਹ ਪੰਜਾਬ ਦੇ ਹੜ੍ਹਾਂ ਲਈ ਡੋਨੇਟ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਵੀ ਦਿਲਜੀਤ ਦੁਸਾਂਝ ਨੇ ਪੰਜਾਬ ਦੇ 10 ਪਿੰਡਾਂ ਨੂੰ ਗੋਦ ਲੈ ਕੇ ਇੱਕ ਵੱਡੀ ਜ਼ਿੰਮੇਵਾਰੀ ਲਈ ਸੀ। KBC ਦਾ ਐਪੀਸੋਡ 31 ਕਿਤੇ ਨਾ ਕਿਤੇ ਪੂਰੀ ਤਰ੍ਹਾਂ ਪੰਜਾਬ ਦੇ ਹੜ੍ਹਾਂ ਨੂੰ ਡੈਡੀਕੇਟਿਡ ਇੱਕ ਐਪੀਸੋਡ ਹੈ। ਇਸ 'ਚ ਪੰਜਾਬ ਦੇ ਲੋਕ ਵੀ ਨਜ਼ਰ ਆਉਣਗੇ ਜੋ ਸਵਾਲ-ਜਵਾਬ ਕਰਨਗੇ ਅਤੇ ਆਪਣਾ ਦੁੱਖ ਵੀ ਬਿਆਨ ਕਰਨਗੇ।

ਆਸਟ੍ਰੇਲੀਆ ਟੂਰ 'ਤੇ ਵੀ ਵਿਵਾਦ: ਦਿਲਜੀਤ ਦੁਸਾਂਝ ਨੇ ਹਾਲ ਹੀ 'ਚ ਆਸਟ੍ਰੇਲੀਆ 'ਚ ਆਪਣਾ ਟੂਰ ਮੁਕੰਮਲ ਕੀਤਾ ਹੈ। ਉਸ ਟੂਰ ਨੂੰ ਲੈ ਕੇ ਵੀ ਇੱਕ ਵਿਵਾਦ ਖੜ ਾ ਹੋ ਚੁੱਕਾ ਹੈ। ਪਿਛਲੇ ਸ਼ੋਅ ਦੌਰਾਨ ਕਈ ਲੋਕਾਂ ਨੂੰ ਕ੍ਰਿਪਾਨ ਧਾਰਨ ਕਰਨ ਕਰ ਕੇ ਐਂਟਰੀ ਨਹੀਂ ਸੀ ਦਿੱਤੀ ਗਈ, ਅਤੇ ਇਹ ਵਿਵਾਦ ਵੀ ਲਗਾਤਾਰ ਚੱਲ ਰਿਹਾ ਹੈ। ਦਿਲਜੀਤ ਦੁਸਾਂਝ ਭਾਵੇਂ ਲਗਾਤਾਰ ਵਿਵਾਦਾਂ 'ਚ ਘਿਰਿਆ ਹੋਇਆ ਹੈ, ਪਰ ਉਹ ਆਪਣੀ ਗੱਲ ਖੁੱਲ੍ਹ ਕੇ ਰੱਖਦਾ ਨਜ਼ਰ ਆਉਂਦਾ ਹੈ।

ਦੂਜੇ ਦੇਸ਼ਾਂ ਦੀਆਂ ਸਰਕਾਰਾਂ ਡੇਗਣ 'ਚ ਦਖ਼ਲ ਦਿੰਦੈ US - ਖ਼ੁਫ਼ੀਆ ਡਾਇਰੈਕਟਰ

ਵਾਸ਼ਿੰਗਟਨ: ਅਮਰੀਕਾ ਦੇ ਟਰੰਪ ਪ੍ਰਸ਼ਾਸਨ 'ਚ ਖ਼ੁਫ਼ੀਆ ਵਿਭਾਗ ਦੀ ਡਾਇਰੈਕਟਰ ਤੁਲਸੀ ਗੈਬਾਰਡ ਨੇ ਦੂਜੇ ਦੇਸ਼ਾਂ 'ਚ ਸੱਤਾ ਤਬਦੀਲੀ ਕਰਨ ਦੀ ਨੀਤੀ ਨੂੰ ਖੁੱਲ ਕੇ ਸਵੀਕਾਰ ਕੀਤਾ ਹੈ। ਉਨਾਂ ਸਵੀਕਾਰ ਕੀਤਾ ਕਿ ਦਹਾਕਿਆਂ ਤੋਂ ਅਮਰੀਕੀ ਸਰਕਾਰ ਦੂਜੇ ਦੇਸ਼ਾਂ 'ਚ ਦਖ਼ਲਅੰਦਾਜ਼ੀ ਕਰ ਕੇ ਸੱਤਾ ਤਬਦੀਲੀ ਕਰਵਾਉਂਦੀਆ ਰਹੀ ਹੈ, ਪਰ ਇਸ ਨੀਤੀ ਨੇ ਵਿਸ਼ਵ-ਵਿਆਪੀ ਸੁਰੱਖਿਆ ਨੂੰ ਵਧਾਉਣ ਦੀ ਥਾਂ ਅਮਰੀਕਾ ਦੇ ਦੁਸ਼ਮਣਾਂ ਦੀ ਗਿਣਤੀ ਵਧਾ ਦਿੱਤੀ ਹੈ।

ਤੁਲਸੀ ਨੇ ISIS ਅਤੇ ਅਲ-ਕਾਇਦਾ ਨੂੰ ਅਮਰੀਕਾ ਦੀ ਇਸ ਦਖ਼ਲਅੰਦਾਜ਼ੀ ਵਾਲੀ ਨੀਤੀ ਦਾ ਹੀ ਨਤੀਜਾ ਮੰਨਿਆ ਹਾਲਾਂਕਿ ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਅਧੀਨ ਇਸ ਨੀਤੀ ਦੇ ਖ਼ਾਤਮੇ ਦਾ ਵੀ ਐਲਾਨ ਕੀਤਾ ਹੈ। ਇੰਟਰਨੈਸ਼ਨਲ ਇੰਸਟੀਚਿਊਟ ਫ਼ੌਰ ਸਟ੍ਰੈਟੀਜਿਕ ਸਟੱਡੀਜ਼ ਵਲੋਂ ਆਯੋਜਿਤ ਮਨਾਮਾ ਡਾਇਲੌਗ 'ਚ ਆਪਣੀ ਗੱਲ ਰੱਖਦੇ ਹੋਏ ਗੈਬਾਰਡ ਨੇ ਕਿਹਾ ਕਿ ਅਮਰੀਕਾ ਦੀ ਇਹ ਦਖ਼ਲਅੰਦਾਜ਼ੀ ਨੀਤੀ ਅਕਸਰ ਵਾਸ਼ਿੰਗਟਨ 'ਤੇ ਉਲਟੀ ਪੈਂਦੀ ਸੀ। ਗੈਬਾਰਡ ਨੇ ਕਿਹਾ ਕਿ ਕਈ ਦਹਾਕਿਆਂ ਤੋਂ ਸਾਡੀ ਵਿਦੇਸ਼ ਨੀਤੀ ਦੂਜੇ ਦੇਸ਼ਾਂ ਦੇ ਸ਼ਾਸ਼ਨ ਨੂੰ ਬਦਲਣ ਅਤੇ ਫ਼ਿਰ ਉਸ ਰਾਸ਼ਟਰ ਨੂੰ ਬਣਾਉਣ ਦੀ ਕੋਸ਼ਿਸ਼ ਦੇ ਇੱਕ ਵਿਅਰਥ ਅਤੇ ਬੇਅੰਤ ਚੱਕਰ 'ਚ ਫ਼ਸੀ ਹੋਈ ਸੀ। ਇਹ ਕਿਸੇ ਦੇਸ਼ ਦੇ ਸ਼ਾਸ਼ਨ ਨੂੰ ਪੁੱਟ ਸੁੱਟਣ ਅਤੇ ਉਸ 'ਤੇ ਆਪਣੀ ਸਰਕਾਰ ਦੀ ਪ੍ਰਣਾਲੀ ਥੋਪਣ ਦੀ ਕੋਸ਼ਿਸ਼ ਕਰਨ ਦਾ ਸੰਘਰਸ਼ ਕਰਨਾ ਸਾਡੇ 'ਤੇ ਹੀ ਉਲਟਾ ਪੈਂਦਾ ਸੀ। ਇਸ ਦੇ ਕਾਰਨ ਅਸੀਂ ਆਪਣੇ ਸਹਿਯੋਗੀਆਂ ਤੋਂ ਜ਼ਿਆਦਾ ਦੁਸ਼ਮਣਾਂ ਨੂੰ ਵਧਾ ਲਿਆ ਹੈ।

ਟਰੰਪ ਪ੍ਰਸ਼ਾਸਨ ਦੀ ਅਹਿਮ ਮੈਂਬਰ ਤੁਲਸੀ ਗੈਬਾਰਡ ਨੇ ਸਵੀਕਾਰ ਕੀਤਾ ਕਿ ਇਸ ਨੀਤੀ ਦੇ ਨਤੀਜੇ ਬਹੁਤ ਹੀ ਵਿਨਾਸ਼ਕਾਰੀ ਸਨ। ਉਨਾਂ ਕਿਹਾ ਕਿ ਇਸ ਨੀਤੀ ਦੇ ਨਤੀਜੇ ਵਜੋਂ ਅਣਗਿਣਤ ਜਾਨਾਂ ਗਈਆਂ ਹਨ, ਅਤੇ ਬਹੁਤ ਸਾਰੇ ਮਾਮਲਿਆਂ 'ਚ ਹੋਰ ਵੀ ਵੱਡੇ ਅਤੇ ਗੰਭੀਰ ਸੁਰੱਖਿਆ ਖ਼ਤਰੇ ਪੈਦਾ ਹੋ ਗਏ।

ਉਬਰ ਡਰਾਇਵਰ ਆ ਗਿਆ - ਦਿਲਜੀਤ ਨੇ ਨਸਲੀ ਟਿੱਪਣੀ ਦਾ ਦਿੱਤਾ ਜਵਾਬ

ਸਿਡਨੀ: ਪੰਜਾਬੀ ਗਾਇਕ ਦਿਲਜੀਤ ਦੁਸਾਂਝ ਨੇ ਆਸਟ੍ਰੇਲੀਆ ਦੇ ਸਿਡਨੀ 'ਚ ਇੱਕ ਪੂਰਾ ਸਟੇਡੀਅਮ ਭਰਨ ਵਾਲਾ ਪਹਿਲਾ ਭਾਰਤੀ ਕਲਾਕਾਰ ਬਣ ਕੇ ਇਤਿਹਾਸ ਰਚ ਦਿੱਤਾ ਹੈ। ਉਸ ਦਾ ARUA ਵਰਲਡ ਟੂਰ ਕੌਨਸਰਟ ਜਿਸ 'ਚ ਲਗਭਗ 30 ਹਜ਼ਾਰ ਪ੍ਰਸ਼ੰਸਕਾਂ ਨੇ ਸ਼ਿਰਕਤ ਕੀਤੀ, ਇੱਕ ਬਹੁਤ ਹੀ ਵੱਡੀ ਸਫ਼ਲਤਾ ਸੀ। ਉਸ ਦੇ ਕੌਨਸਰਟ ਦੀਆਂ ਟਿਕਟਾਂ ਦੀ ਕੀਮਤਾਂ 800 ਡਾਲਰਾਂ ਤਕ ਪਹੁੰਚ ਗਈ ਸੀ।

ਹਾਲਾਂਕਿ ਗਾਇਕ ਦੀ ਆਸਟ੍ਰੇਲੀਆਈ ਯਾਤਰਾ ਚੁਣੌਤੀਆਂ ਤੋਂ ਮੁਕਤ ਨਹੀਂ ਰਹੀ। ਦਿਲਜੀਤ ਦੁਸਾਂਝ ਨੂੰ ਆਸਟ੍ਰੇਲੀਆ ਪਹੁੰਚਣ 'ਤੇ ਇੱਕ ਨਸਲੀ ਟਿੱਪਣੀ ਦਾ ਸਾਹਮਣਾ ਕਰਨਾ ਪਿਆ ਜਿੱਥੇ ਕੁੱਝ ਨੇ ਪਾਪਰਾਜ਼ੀਆਂ ਦੀਆਂ ਫ਼ੋਟੋਆਂ ਦੇ ਕੌਮੈਂਟ ਸੈਕਸ਼ਨ 'ਚ ਲਿਖਿਆ, "ਨਵਾਂ ਉਬਰ ਡਰਾਇਵਰ ਆ ਗਿਆ ਹੈ ਜਾਂ ਨਵਾਂ 7-11 ਦਾ ਕਰਮਚਾਰੀ ਉਤਰਿਆ ਹੈ?"

ਇਨ੍ਹਾਂ ਟਿੱਪਣੀਆਂ 'ਤੇ ਇੱਕ ਦਿਲ ਨੂੰ ਛੂਹਣ ਵਾਲੇ ਜਵਾਬ 'ਚ ਦਿਲਜੀਤ ਦੁਸਾਂਝ ਨੇ ਆਪਣੇ ਯੂਟਿਊਬ ਚੈਨਲ 'ਤੇ ਇੱਕ ਪਰਦੇ ਪਿੱਛੇ ਦੇ ਵੀਡੀਓ 'ਚ ਨਸਲੀ ਟਿੱਪਣੀਆਂ ਦਾ ਜਵਾਬ ਦਿੱਤਾ।

"ਜੇ ਟਰੱਕ ਡਰਾਇਵਰ ਨਾ ਹੋਣ, ਤਾਂ ਤੁਹਾਨੂੰ ਘਰ ਲਈ ਰੋਟੀ ਨਹੀਂ ਮਿਲੇਗੀ"ਆਸਟ੍ਰੇਲੀਆਈ ਮੰਤਰੀ ਵਲੋਂ ਨਿੰਦਾ: ਭਾਰਤੀ ਸੰਗੀਤ ਆਈਕੌਨ ਦਿਲਜੀਤ ਦੋਸਾਂਝ ਦੇ ਆਸਟਰੇਲੀਆਈ ਦੌਰੇ ਦੌਰਾਨ ਨਸਲੀ ਦੁਰਵਿਵਹਾਰ ਦੀ ਇੱਕ ਲਹਿਰ ਦੇ ਸਖ਼ਤ ਜਵਾਬ 'ਚ ਬਹੁ-ਸਭਿਆਚਾਰਕ ਮਾਮਲਿਆਂ ਦੇ ਸਹਾਇਕ ਮੰਤਰੀ ਜੂਲੀਅਨ ਹਿੱਲ ਨੇ ਜਨਤਕ ਤੌਰ 'ਤੇ ਪੁਸ਼ਟੀ ਕੀਤੀ ਹੈ ਕਿ ਆਸਟਰੇਲੀਆ 'ਚ ਸੈਲਾਨੀਆਂ ਅਤੇ ਵਿਦੇਸ਼ੀ ਕਲਾਕਾਰਾਂ ਵਿਰੁੱਧ ਨਸਲੀ ਨਸਲੀ ਕੀਤਾ ਜਾਣਾ ਚਾਹੀਦਾ ਹੈ। ਵਿਤਕਰੇ ਲਈ ਕੋਈ ਥਾਂ ਨਹੀਂ। ਮੰਤਰੀ ਹਿੱਲ ਨੇ ਦਾ ਆਸਟਰੇਲੀਆ ਟੂਡੇ ਨੂੰ ਦੱਸਿਆ, "ਸੋਸ਼ਲ-ਮੀਡੀਆ ਪੋਸਟਾਂ ਅਤੇ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ ਜੋ ਦੋਸਾਂਝ ਦੀ ਨਸਲੀ ਅਤੇ ਵਿਸ਼ਵਾਸ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜਦੋਂ ਉਹ ਆਪਣੇ ਬਹੁਤ ਹੀ ਉਮੀਦ ਭਰੇ ਔਰਾ ਟੂਰ-2025 ਲਈ ਦੌਰਾ ਕਰ ਰਹੇ ਸਨਮ। ਮੰਤਰੀ ਨੇ ਕਿਹਾ ਕਿ ਆਸਟ੍ਰੇਲੀਆ 'ਚ ਨਸਲੀ ਵਿਤਕਰੇ ਦੀ ਕੋਈ ਥਾਂ ਨਹੀਂ, ਅਤੇ ਸਾਡੇ ਦੇਸ਼ 'ਚ ਆਉਣ ਵਾਲੇ ਸੈਲਾਨੀਆਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ।

ਨਾ ਚਲਾਏ ਜਾਣ ਟਰੰਪ ਨੂੰ ਨਾਰਾਜ਼ ਕਰਨ ਵਾਲੇ ਇਸ਼ਤਿਹਾਰ - ਕਾਰਨੀ

ਟੋਰੰਟੋ: ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਉਨ੍ਹਾਂ ਨੇ ਓਨਟੈਰੀਓ ਦੇ ਪ੍ਰੀਮੀਅਰ ਨੂੰ ਸਲਾਹ ਦਿੱਤੀ ਹੈ ਕਿ ਉਹ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਨਾਰਾਜ਼ ਕਰਨ ਵਾਲੇ ਇਸ਼ਤਿਹਾਰ ਨਾ ਚਲਾਉਣ। ਜ਼ਿਕਰਯੋਗ ਹੈ ਕਿ ਕੈਨੇਡਾ 'ਚ ਇੱਕ ਇਸ਼ਤਿਹਾਰ ਪ੍ਰਸਾਰਿਤ ਹੋਇਆ ਸੀ ਜਿਸ 'ਚ 1987 'ਚ ਰੌਨਲਡ ਰੀਗਨ ਨੂੰ ਸੰਬੋਧਨ ਕਰਦਿਆਂ ਦਿਖਾਇਆ ਗਿਆ ਸਹਿਯੋਗ ਸੰਮੇਲਨ 'ਚ ਇੱਕ ਜਾਣਕਾਰੀ ਦਿੱਤੀ। ਸੀ ਜਿਸ 'ਚ ਉਹ ਕਹਿ ਰਹੇ ਸਨ ਕਿ ਟੈਕਸ ਲਾਉਣ ਨਾਲ ਨੌਕਰੀਆਂ ਖੁੱਸਦੀਆਂ ਹਨ ਅਤੇ ਟਰੇਡ ਵਾਰ ਸ਼ੁਰੂ ਹੁੰਦੀ ਹੈ। ਉਸ ਇਸ਼ਤਿਹਾਰ ਤੋਂ ਖਿੱਝ ਕੇ ਟਰੰਪ ਨੇ ਕੈਨੇਡਾ 'ਤੇ ਵਾਧੂ 10 ਫ਼ੀਸਦੀ ਟੈਕਸ ਲਾ ਦਿੱਤਾ ਸੀ, ਅਤੇ ਇਸ ਇਸ਼ਤਿਹਾਰ ਨੂੰ ਤੁਰੰਤ ਹਟਾਉਣ ਲਈ ਵੀ ਕਿਹਾ ਸੀ।ਕਾਰਨੀ ਨੇ ਇਹ ਵੀ ਪੁਸ਼ਟੀ ਕੀਤੀ ਕਿ ਉਨਾਂ ਨੇ ਏਸ਼ੀਆ-ਪ੍ਰਸ਼ਾਂਤ ਆਰਥਿਕ ਕਾਨਫ਼ਰੰਸ ਦੇ ਰਾਤ ਦੇ ਖਾਣੇ ਦੌਰਾਨ ਡੋਨਲਡ ਟਰੰਪ ਤੋਂ ਇਸ ਸਬੰਧੀ ਮੁਆਫ਼ੀ ਵੀ ਮੰਗੀ ਸੀ। ਇੱਕ ਇਸ਼ਤਿਹਾਰ ਦੇ ਪ੍ਰਸਾਰਣ ਤੋਂ ਬਾਅਦ ਨੇ ਟਰੰਪ ਨੇ ਕੈਨੇਡਾ ਨਾਲ ਵਪਾਰਕ ਗੱਲਬਾਤ ਖ਼ਤਮ ਕਰ ਦਿੱਤੀ ਸੀ, ਅਤੇ ਕੈਨੇਡਾ 'ਤੇ 10 ਫ਼ੀਸਦੀ ਵਾਧੂ ਟੈਰਿਫ਼ਸ ਲਾ ਦਿੱਤੇ ਸਨ। ਕਾਰਨੀ ਨੇ ਏਸ਼ੀਆ ਦੇ ਨੌਂ ਦਿਨਾਂ ਦੌਰੇ ਨੂੰ ਖ਼ਤਮ ਕਰਦਿਆਂ ਇੱਕ ਨਿਊਜ਼ ਕਾਨਫ਼ਰੰਸ 'ਚ ਇਸ ਬਾਰੇ

ਮਰਦਾਨਾ ਕਮਜ਼ੋਰੀ 416-992-5489
ਡਾਲਰ ਦਾ ਵਧੀਆ ਰੇਟ? 778-246-2500
KEY CUTTING AND PROGRAMMING 236-999-7980
ਮਰਦਾਨਾ ਕਮਜ਼ੋਰੀ 416-992-5489
ਸਸਤਾ ਹਵਾਈ ਸਫ਼ਰ 604-217-4114
KEY CUTTING AND PROGRAMMING 236-999-7980
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222

White House Canada
12 Bedrooms, 7 Bathrooms for 24 guests
with a Party Hall for 100 invitees in Brampton

ਇਸ ਘਰ 'ਚ ਉਪਲਬਧ ਹਨ 12 ਬੈਡਰੂਮਜ਼, 2 ਲਿਵਿੰਗ ਰੂਮਜ਼, 7 ਵਾਸ਼ਰੂਮਜ਼, ਫ਼ੁੱਲ ਕਿਚਨ, ਡਾਈਨਿੰਗ ਏਰੀਆ ਅਤੇ ਪਾਰਟੀ ਹਾਲ। ਰਹਿਣ ਲਈ ਕਮਰੇ ਬਰੈਂਪਟਨ ਸਿਟੀ ਦੀਆਂ ਹਿਦਾਇਤਾਂ ਅਨੁਸਾਰ ।

The property has 12 bedrooms, 2 living rooms, 7 washrooms (mostly en-suite), full kitchen and dining area . Rooms available according to the city of Brampton guidelines.

To Book WHITE HOUSE CANADA
Contact 905-965-4644
www. whitehousecanada.com

Classified and Matrimonials

ਜੱਟ ਸਿੱਖ ਧਾਲੀਵਾਲ ਲੜਕਾ, ਉਮਰ 25 ਸਾਲ, ਕੱਦ 6 ਫੁੱਟ, ਕੈਨੇਡੀਅਨ ਸਿਟੀਜ਼ਨ, ਨਰਸਿੰਗ ਦੀ ਡਿਗਰੀ ਕੀਤੀ ਹੋਈ, ਹਸਪਤਾਲ ਵਿੱਚ ਵਧੀਆ ਨਰਸ ਦੀ ਜੌਬ ਕਰ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਕੈਨੇਡੀਅਨ ਇਮੀਗ੍ਰੈਂਟ/ਸਿਟੀਜ਼ਨ ਜਾਂ ਸਟੂਡੈਂਟ, ਪੜ੍ਹੀ-ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਵੈਲ ਸੈਟਲਡ ਹੈ। ਜਾਣਕਾਰੀ ਲਈ 1-778-344-5925 ਜਾਂ 1-778-344-0982 'ਤੇ ਸੰਪਰਕ ਕਰੋ।

1678

ਨਾਈ ਹਿੰਦੂ ਲੜਕਾ, ਉਮਰ 23 ਸਾਲ, ਕੱਦ 5 ਫੁੱਟ 7 ਇੰਚ, ਵਿਜ਼ਟਰ ਵੀਜ਼ੇ ਉਤੇ ਕੈਨੇਡਾ ਰਹਿ ਰਹੇ, ਗ੍ਰੈਜੂਏਟ, ਸੋਹਣੇ-ਸੁਨੱਖੇ, ਪਰਿਵਾਰਕ ਲਈ ਕੈਨੇਡੀਅਨ ਪੀ ਆਰ/ਸਿਟੀਜ਼ਨ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਜ਼ਾਤਪਾਤ ਦਾ ਕੋਈ ਬੰਧਨ ਨਹੀਂ। ਜਾਣਕਾਰੀ ਲਈ 1-604-825-3542 'ਤੇ ਸੰਪਰਕ ਕਰੋ।

1678

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 6 ਫੁੱਟ, ITI, ਵਰਕ ਪਰਮਿਟ ਉੱਤੇ ਕੈਨੇਡਾ ਰਹਿ ਰਹੇ, ਫਰੇਮਿੰਗ ਦੀ ਜੌਬ ਕਰ ਰਹੇ, ਪਰਿਵਾਰਕ, ਨਸ਼ਿਆਂ ਤੋਂ ਰਹਿਤ, ਸੋਹਣੇ-ਸੁਨੱਖੇ ਲਈ ਸੋਹਣੀ-ਸੁਨੱਖੀ, ਪਰਿਵਾਰਕ, ਕੈਨੇਡੀਅਨ PR/ਸਿਟੀਜ਼ਨ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਦਾਦਕਾ ਪਰਿਵਾਰ ਕੈਨੇਡਾ ਵਿਚ ਵੈੱਲ ਸੈਟਲਡ ਹੈ। ਜਾਣਕਾਰੀ ਲਈ 1-778-344-5925 ਜਾਂ 1-778-344-0982 'ਤੇ ਸੰਪਰਕ ਕਰੋ।

1677

Jat Sikh family seeks a suitable match for their daughter, 38 yrs. old, 5'-7" tall, working as RN in the Hospital, divorced after a brief marriage, Canadian born, beautiful, family oriented, well versed in both cultures. The boy should be Canadian born educated, family oriented, well versed in both cultures, only from BC Area. Call : 1-604-618-7036

1677..

ਸੈਣੀ ਸਿੱਖ ਲੜਕਾ, ਜਨਮ 89, ਕੱਦ 5 ਫੁੱਟ 8 ਇੰਚ, ਕੈਨੇਡੀਅਨ ਪੀ.ਆਰ., ਪੋਸਟ ਗ੍ਰੈਜੂਏਟ ਡਿਪਲੋਮਾ, ਵਧੀਆ ਨੌਕਰੀ ਕਰ ਰਹੇ ਲਈ ਕੈਨੇਡਾ ਰਹਿੰਦੀ ਪਰਿਵਾਰਕ ਲੜਕੀ ਦੀ ਲੋੜ ਹੈ। ਪਰਿਵਾਰ ਦਾ ਇੰਡੀਆ ਵਿਚ ਵਧੀਆ ਕਾਰੋਬਾਰ ਹੈ ਅਤੇ ਮੁੰਡੇ ਦੀਆਂ ਦੋ ਭੈਣਾਂ ਕੈਨੇਡਾ ਵਿਚ ਸੈਟਲਡ ਹਨ। ਜਾਣਕਾਰੀ ਲਈ ਸੰਪਰਕ ਕਰੋ +1-672-866-0234

1676

ਜੱਟ ਸਿੱਖ ਲੜਕੀ, ਉਮਰ 32 ਸਾਲ, ਕੱਦ 5 ਫੁੱਟ 3 ਇੰਚ, ਸੋਹਣੀ-ਸੁਨੱਖੀ, ਪੜ੍ਹੀ-ਲਿਖੀ, ਪਰਿਵਾਰਕ, ਵਰਕ ਪਰਮਿਟ 'ਤੇ ਕੈਨੇਡਾ ਆਈ ਹੋਈ ਲਈ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਵੈੱਲ ਸੈਟਲਡ, ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। BC ਨੂੰ ਪਹਿਲ। ਜਾਣਕਾਰੀ ਲਈ 1-236-887-1622 (Whattsapp Only) ਜਾਂ 1-604-712-1398 'ਤੇ ਸੰਪਰਕ ਕਰੋ ।

1676

ਜੱਟ ਸਿੱਖ ਲੜਕਾ, ਜਨਮ 1980, ਕੱਦ 6 ਫੁੱਟ, ਕੈਨੇਡੀਅਨ ਜੰਮਪਲ, Microsoft Network Associate (CCNC), ਆਪਣਾ ਕਾਰੋਬਾਰ ਕਰ ਰਹੇ ਲਈ ਘੱਟੋ-ਘੱਟ 5 ਫੁੱਟ 7 ਇੰਚ ਕੱਦ ਵਾਲੀ ਲੜਕੀ ਦੀ ਲੋੜ ਹੈ। ਜਾਣਕਾਰੀ ਲਈ 1-604-572-8566 'ਤੇ ਸੰਪਰਕ ਕਰੋ।

1676

Gursikh family seeks a suitable match for their son, born 1993, 6' tall, Canadian Citizen, double master's, currently a 3rd year medical student in canada, well settled family living in vancouver, BC from last 30 yrs., religious, vegetratian, fluent in English and Punjabi, well versed in both cultures family oriented. The girl should be well educated, beautiful, well versed in both cultures and family oriented. Please Call : 1-604-379-5928

'***1676***.

ਜੱਟ ਸਿੱਖ ਲੜਕਾ, ਉਮਰ 35 ਸਾਲ, ਕੱਦ 5 ਫੁੱਟ 7 ਇੰਚ, Automobile ਦਾ ਡਿਪਲੋਮਾ ਕੀਤਾ ਹੋਇਆ, ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੇ, ਵਧੀਆ ਜੌਬ ਕਰ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ, ਤਲਾਕਸ਼ੁਦਾ (ਬਿਨਾਂ ਬੱਚੇ) ਲਈ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ) ਲੜਕੀ 'ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈੱਲ ਸੈਟਲਡ ਹੈ। ਜਾਣਕਾਰੀ ਲਈ 1-604-751-3487 ਜਾਂ 1-604-825-5505 'ਤੇ ਸੰਪਰਕ ਕਰੋ।

1676

ਜੱਟ ਸਿੱਖ ਲੜਕਾ, ਉਮਰ 34 ਸਾਲ, ਕੱਦ 5 ਫੁੱਟ 11 ਇੰਚ, ITI, ਵਰਕ ਪਰਮਿਟ ਉੱਤੇ ਕੈਨੇਡਾ ਰਹਿ ਰਹੇ, ਚੰਗੀ ਜੌਬ ਕਰ ਰਹੇ, ਪਰਿਵਾਰਕ ਲਈ ਕੈਨੇਡੀਅਨ PR/ਸਿਟੀਜ਼ਨ, ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬੱਚੇ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਣਕਾਰੀ ਲਈ 1-604-389-4108 'ਤੇ ਸੰਪਰਕ ਕਰੋ।

1676

ਜੱਟ ਸਿੱਖ ਲੜਕਾ, ਜਨਮ 1995, ਕੱਦ 5 ਫੁੱਟ 8 ਇੰਚ, Diploma in administration, ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੇ, ਟਰੱਕਿੰਗ ਦਾ ਵਧੀਆ ਕਾਰੋਬਾਰ ਕਰ ਰਹੇ, ਵੈਲ ਸੈਟਲਡ, ਇੰਡੀਆ ਵਿੱਚ ਪੇਂਡੂ ਅਤੇ ਸ਼ਹਿਰੀ ਜਾਇਦਾਦ ਦੇ ਮਾਲਕ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਸੋਹਣੀ-ਸੁਨੱਖੀ, ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿੱਚ ਵੈਲ ਸੈਟਲਡ ਹੈ। ਜਾਣਕਾਰੀ ਲਈ ਫੋਨ ਕਰੋ ਅਤੇ ਆਪਣਾ ਬਾਇਓਡੇਟ ਅਤੇ ਪਿਕਚਰ ਵਟਸਐਪ ਕਰੋ: 647-710-5009 ਜਾਂ 647-505-2812

1676

ਕੈਨੇਡਾ ਵਿੱਚ ਵਿਜ਼ਟਰ ਵੀਜ਼ੇ 'ਤੇ ਆਏ, ਯੂ ਕੇ ਦਾ ਵਰਕ ਪਰਮਿਟ ਹੋਲਡਰ, ਜੱਟ ਸਿੱਖ, ਉਮਰ 25 ਸਾਲ, ਕੱਦ 5 ਫੁੱਟ 8 ਇੰਚ, ਪੜ੍ਹੇ-ਲਿਖੇ, ਹੈਂਡਸਮ, ਨਸ਼ਿਆਂ ਤੋਂ ਰਹਿਤ, ਇੰਡੀਆ ਵਿੱਚ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ, ਅਮਰੀਕਾ ਤੋਂ ਸਿਟੀਜ਼ਨ/ਪੀ ਆਰ ਜਾਂ ਵਰਕ ਪਰਮਿਟ 'ਤੇ ਆਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀਆਂ ਭੈਣਾਂ ਕੈਨੇਡਾ ਵਿੱਚ ਵੈਲ ਸੈਟਲਡ ਹਨ। ਮਾਲਵੇ ਨੂੰ ਪਹਿਲ। ਮੇਰਿਜ ਬਿਊਰੋ ਵਾਲੇ ਫੋਨ ਨਾ ਕਰਨ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜਾਂ ਵਟਸਐਪ: 1-778-245-4595 ਜਾਂ 437-998-2525

1676

Ravidasia Sikh family seeks a suitable match for their son, 1994 born, 5'-10" tall, Canadian citizen, handsome, MBA, working in the transportation industry, well versed in both cultures. The girl should be beautiful, professionally qualified, well-cultured. Doaba preferred. Call:647-308-4853

*** 1676 ***

Match for educated, professionally settled, turbaned Sikh boy, 6' tall, 1989 born, never married, Canadian PR, residing in Ottawa,holding MBA and working as a Product Operations Manager in Tech. Gursikh family from Chandigarh with agricultural background. Seeking serious like minded suitable match. Feel free to contact at +1-647-633-3361 (whats app/message/call)

*** 1676 ***

Jatt Sikh family seeks a suitable match for their son, born 1996, 5'-9" tall, Mechanical Engineering &ECEA Course (India), General Arts and Science (Canada), own business of Renovation & part time uber driving, never married,Canadian open work permit, well settled,non drinker. The girl should be beautiful, family oriented, well versed in both cultures, preference for PR in Canada and Nursing Line. Call: 1-778-875-1522 or 1-778-552-1522

*** 1675 ***

Mair Rajput family seeks a suitable match for their daughter, 44 yrs. old, 5'-2" tall, MA, unmarried, Canadian work permit, beautiful, well versed in both cultures, family oriented. The boy should be Canadian PR/Citizen, well settled, family oriented. Family is well settled in Canada. Divorcee without kids can also be considered. Caste no bar. Call or whatsapp : 647-705-9019 or 365-999-3203

1675

ਕੰਬੋਜ ਸਿੱਖ ਲੜਕੀ, ਜਨਮ 1992, ਕੱਦ 5 ਫੁੱਟ 5 ਇੰਚ, M.Tech, in IT, ਸੋਹਣੀ-ਸੁਨੱਖੀ, ਪਰਿਵਾਰਕ, ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਲਈ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪੜ੍ਹੇ-ਲਿਖੇ, ਵੈੱਲ ਸੈਟਲਡ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਣਕਾਰੀ ਲਈ 1-672-998-8202 ਜਾਂ +91-94650-02324 'ਤੇ ਸੰਪਰਕ ਕਰੋ।

1675

ਜੱਟ ਸਿੱਖ ਲੜਕਾ, ਜਨਮ 1992, ਕੱਦ 6 ਫੁੱਟ, ਕੈਨੇਡੀਅਨ ਪੀ.ਆਰ. B.Tech in Electrical, Diploma in Electrical from Canada, working as salaried manager and running his own business as well, ਵੈਸ਼ਨੂ ਲਈ ਚੰਗੀ ਪੜ੍ਹੀ-ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਜਾਣਕਾਰੀ ਲਈ 1-250-899-0400 ਜਾਂ Whatsapp +91-84279-08310 'ਤੇ ਸੰਪਰਕ ਕਰੋ।

1675

ਰਾਮਗੜ੍ਹੀਆ ਸਿੱਖ ਲੜਕਾ, ਉਮਰ 41 ਸਾਲ, ਕੱਦ 5 ਫੁੱਟ 10 ਇੰਚ, ਅਮੈਰੀਕਨ ਸਿਟੀਜ਼ਨ, B.Tech in Electronics and communication, Fedex ਵਿਚ ਮੈਨੇਜਰ ਦੀ ਵਧੀਆ ਜੌਬ ਕਰ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ, ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲਈ ਅਮੈਰੀਕਾ ਜਾਂ ਕੈਨੇਡਾ ਤੋਂ ਸੋਹਣੀ-ਸੁਨੱਖੀ, ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ ਵੀਜ਼ਾ/ਵਰਕ ਪਰਮਿਟ ਜਾਂ ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤੀ ਜਾਵੇਗੀ। ਜਾਣਕਾਰੀ ਲਈ 1-510-240-2847 'ਤੇ ਸੰਪਰਕ ਕਰੋ।

1675

ਕੈਨੇਡੀਅਨ ਸਿਟੀਜ਼ਨ, ਜੱਟ ਸਿੱਖ ਢਿੱਲੋਂ ਲੜਕੀ, ਬੌਰਨ 1994, ਕੱਦ 5 ਫੁੱਟ 3 ਇੰਚ, Diploma in ECE, Diploma in Nursing, ਨਰਸਿੰਗ ਦੀ ਵਧੀਆ ਜੌਬ ਕਰ ਰਹੀ, ਸੋਹਣੀ-ਸੁਨੱਖੀ, ਪਰਿਵਾਰਕ ਲਈ ਓਨਟੈਰੀਓ (ਕੈਨੇਡਾ) ਤੋਂ ਪੜ੍ਹੇ-ਲਿਖੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ, ਵੈੱਲ ਸੈਟਲਡ ਲੜਕੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਜਾਣਕਾਰੀ ਲਈ 647-967-0186 ਜਾਂ 647-972-8310 'ਤੇ ਸੰਪਰਕ ਕਰੋ।

1675

ਜੱਟ ਸਿੱਖ ਪਰਿਵਾਰ ਨਾਲ ਸਬੰਧਤ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4 ਇੰਚ, Bioinformatics ਵਿਚ Master's degree, ਅਮੈਰੀਕਾ ਵਿਚ F1 visa 'ਤੇ ਰਹਿ ਰਹੀ, ਸੋਹਣੀ-ਸੁਨੱਖੀ, ਪਰਿਵਾਰਕ ਲਈ ਅਮੈਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਬਰਾਬਰ ਦੀ ਯੋਗਤਾ ਵਾਲੇ ਲੜਕੇ ਦੀ ਲੋੜ ਹੈ। ਕ੍ਰਿਪਾ ਕਰਕੇ ਅਮੈਰੀਕਾ ਤੋਂ ਹੀ ਸੰਪਰਕ ਕਰੋ। ਜਾਣਕਾਰੀ ਲਈ 1-206-405-0023 'ਤੇ ਫੋਨ ਕਰੋ।

1675

Jat Sikh family seeks a suitable match for their Canadian born son, 27 yrs. old, 5'-10" tall, very handsome, non-drinker, non-smoker, B.Sc. Kinesiology from SFU and BSN degree (Registered Nurse), working full time Operating room (OR) in hospital. The girl shoule be Jat Sikh and professionally employed preferred from BC Canada, Family oriented, well versed in both cultures. Please send your biodata and recent picture to : Rsinghsurrey@gmail.com

1675

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 29 ਸਾਲ, ਕੱਦ 6 ਫੁੱਟ, Convent ਤੋਂ 12ਵੀਂ ਅਤੇ CT University ਤੋਂ BBA ਦੀ ਡਿਗਰੀ ਕੀਤੀ ਹੋਈ, 6 ਕਿੱਲੇ ਜ਼ਮੀਨ ਦੇ ਮਾਲਕ, ਸੋਹਣੇ-ਸੁਨੱਖੇ, ਵਿਜ਼ਟਰ ਵੀਜ਼ੇ 'ਤੇ ਕੈਨੇਡਾ (ਸਰੀ) ਆਏ ਹੋਏ ਲਈ ਕੈਨੇਡੀਅਨ PR, ਸਟੂਡੈਂਟ ਜਾਂ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਤੇ ਭਰਾ ਕੈਨੇਡਾ ਵਿਚ ਵੈੱਲ ਸੈਟਲਡ ਹਨ। ਜਾਣਕਾਰੀ ਲਈ 1-778-883-2142 'ਤੇ ਸੰਪਰਕ ਕਰੋ।

1675

ਜੱਟ ਸਿੱਖ ਸੋਹੀ ਲੜਕਾ, ਉਮਰ 35 ਸਾਲ, ਕੱਦ 5 ਫੁੱਟ 8 ਇੰਚ, Diploma in Computer Engineering, ਸੋਹਣਾ ਸੁਨੱਖਾ, ਨਸ਼ਿਆਂ ਤੋਂ ਰਹਿਤ, ਵਿਜਟਰ ਵੀਜ਼ੇ 'ਤੇ ਕੈਨੇਡਾ ਆਏ ਹੋਏ, ਅਨਮੈਰਿਡ ਲਈ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਵੈੱਲ ਸੈਟਲਡ ਹੈ। ਜਾਣਕਾਰੀ ਲਈ: 1-403-707-4444 ਜਾਂ 1-647-920-9530 'ਤੇ ਸੰਪਰਕ ਕਰੋ।

1675

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 7 ਇੰਚ, ਕੈਨੇਡੀਅਨ ਪੀ ਆਰ, ਵਧੀਆ ਜੌਬ ਕਰ ਰਹੇ, ਸੋਹਣੇ-ਸੁਨੱਖੇ ਲਈ ਪੜ੍ਹੀ-ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਜਾਣਕਾਰੀ ਲਈ: 647-862-9694 'ਤੇ ਸੰਪਰਕ ਕਰੋ।

1675

ਜੱਟ ਸਿੱਖ ਲੜਕੀ, ਉਮਰ 46 ਸਾਲ, ਕੱਦ 5 ਫੁੱਟ 5 ਇੰਚ, ਵਿਜ਼ਟਰ ਵੀਜ਼ੇ 'ਤੇ ਕੈਨੇਡਾ ਰਹਿ ਰਹੀ, ਵਿਧਵਾ (14 ਸਾਲ ਦਾ ਲੜਕਾ) ਲਈ ਕੈਨੇਡੀਅਨ PR/ਸਿਟੀਜ਼ਨ, ਪਰਿਵਾਰਕ, ਵੈੱਲ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਕੈਨੇਡਾ ਵਿਚ ਵੈੱਲ ਸੈਟਲਡ ਹੈ। ਜਾਣਕਾਰੀ ਲਈ 1-778-384-9605 'ਤੇ ਸੰਪਰਕ ਕਰੋ।

1675

ਜੱਟ ਸਿੱਖ ਲੜਕੀ, ਉਮਰ 37 ਸਾਲ, ਕੱਦ 5 ਫੁੱਟ 7 ਇੰਚ, ਕੈਨੇਡੀਅਨ ਬੌਰਨ, Civil Engineering, ਗੋਰਮਿੰਟ ਜੌਬ ਕਰ ਰਹੀ, ਵੈਸ਼ਨੋ, ਸੋਹਣੀ-ਸੁਨੱਖੀ, ਪਰਿਵਾਰਕ ਲਈ ਕੈਨੇਡੀਅਨ ਬੌਰਨ ਜਾਂ ਛੋਟੀ ਉਮਰ ਵਿਚ ਕੈਨੇਡਾ ਆਇਆ ਹੋਵੇ, ਸੋਹਣੇ-ਸੁਨੱਖੇ, ਬਰਾਬਰ ਦੀ ਯੋਗਤਾ ਵਾਲੇ, ਪਰਿਵਾਰਕ, ਵੈੱਲ ਸੈਟਲਡ ਲੜਕੇ ਦੀ ਲੋੜ ਹੈ। ਜਾਣਕਾਰੀ ਲਈ 1-613-878-0169 'ਤੇ ਫੋਨ ਕਰੋ।

1675

ਜਟ ਸਿੱਖ ਬਰਾੜ, ਕੈਨੇਡੀਅਨ PR ਲੜਕੀ, ਬੌਰਨ 1993, ਕੱਦ 5 ਫੁੱਟ 5 ਇੰਚ, Diploma in IT ਲਈ ਕੈਨੇਡੀਅਨ PR ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਸੰਪਰਕ ਕਰੋ : 780-772-4400

1674

Jat Sikh family seeking a match for their daughter, born 1994, 5'-5" tall, born in India, DDS, currently working as a dentist in USA, family oriented, good moral values. The boy should be a professional, preferably settled in USA. Please call/whatsapp:1-330-618-6266, +91-98721-22415

*** 1674 ***

Jat Sikh family seeks a suitable Jat Sikh match for their son, 32 yrs. old, 5'-10" tall, handsome, clean shaven, born and raised in Canada, working as a Physician. The girl should be born and raised in Canada, beautiful, equally educated, family oriented and from the Greater Vancouver area. Please text/WhatsApp the biodata to:1-604-442-8706

*** 1674 ***

ਕੈਨੇਡੀਅਨ PR ਜੱਟ ਸਿੱਖ ਲੜਕੀ, ਉਮਰ 31 ਸਾਲ, ਕੱਦ 5 ਫੁੱਟ 7 ਇੰਚ, ਮੈਡੀਕਲ ਲੈਬ ਵਿੱਚ ਜੋਬ ਕਰ ਰਹੀ, ਸੋਹਣੀ ਸੁਨੱਖੀ, ਪਰਿਵਾਰਕ ਲਈ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪੜ੍ਹੇ-ਲਿਖੇ, ਵੈੱਲ ਸੈਟਲਡ, ਨਸ਼ਿਆਂ ਤੋਂ ਰਹਿਤ, ਜੱਟ ਸਿੱਖ ਲੜਕੇ ਦੀ ਲੋੜ ਹੈ। 23 ਨੂੰ ਪਹਿਲ। ਜਾਣਕਾਰੀ ਲਈ 1-778-779-5554, +91-98725-59814 'ਤੇ WhatsApp/ਫ਼ੋਨ ਕਰੋ

*** 1674 ***

Jat Sikh Bhullar family seeks a suitable match for their daughter, 29 yrs. old, 5'-5" tall, Canadian Citizen (born in India), Registered Nurse and Graduate Researcher in B.C., Beautiful and family oriented. The boy should be professionally qualified, Engineer or Bachelor in Medical Field. Girl's family is well settled in BC; belongs to Moga, Malwa region. BC resident or on work permit and Malwa region preferred. Please send your biodata and recent picture to whatsapp or call : 1-236-514-9090

1674

ਨਾਈ ਸਿੱਖ ਲੜਕਾ, ਅਮੈਰੀਕਨ ਸਿਟੀਜ਼ਨ, ਬੌਰਨ 1995, ਕੱਦ 5 ਫੁੱਟ 8 ਇੰਚ, ਪੁਲਿਸ ਅਫ਼ਸਰ ਲਈ B Sc ਨਰਸਿੰਗ, ਸੁੰਦਰ ਲੜਕੀ ਦੀ ਲੋੜ ਹੈ। ਮੋਗੇ ਅਤੇ ਲੁਧਿਆਣੇ ਜ਼ਿਲ੍ਹੇ ਨੂੰ ਪਹਿਲ। ਜਾਣਕਾਰੀ ਲਈ 1-347-283-7540, ਜਾਂ +91-94640-19913 'ਤੇ ਸੰਪਰਕ ਕਰੋ।

1674

Canadian Citizen, Punjabi female livining in Surrey Area, looking a Punjabi, educated good looking man between the age of 40-55 for long term friendship from Vancouver and Surrey area. Please send your biodata on WhatsApp. 1-604-378-4264

1674

ਟਾਂਕ ਕਸ਼ਤਰੀ ਸਿੱਖ ਲੜਕਾ, ਜਨਮ 1994, ਕੱਦ 5 ਫੁੱਟ 11 ਇੰਚ, ਪੀ ਆਰ, B. Tech. Mechnical, BIMBO Truck Route owner, ਚੰਗੀ ਇਨਕਮ, ਵੈਸ਼ਨੂ ਲਈ ਕੈਨੇਡਾ ਰਹਿੰਦੀ, ਪੜ੍ਹੀ-ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਜਾਣਕਾਰੀ ਲਈ ਕਾਲ ਜਾਂ ਵਟਸਐਪ 'ਤੇ ਸੰਪਰਕ ਕਰੋ-647-616-8446 (ਵਟਸਐਪ)

1674

ਜੱਟ ਸਿੱਖ ਲੜਕੀ, ਜਨਮ 1998, ਕੱਦ 5 ਫੁੱਟ 6 ਇੰਚ, ਕੈਨੇਡੀਅਨ ਪੀ ਆਰ, ਚੰਗੀ ਪੜ੍ਹੀ-ਲਿਖੀ, ਵਧੀਆ ਜੌਬ ਕਰ ਰਹੀ, ਸੋਹਣੀ-ਸੁਨੱਖੀ ਲਈ ਨਸ਼ਿਆਂ ਤੋਂ ਰਹਿਤ, ਵੈਲ ਸੈਟਲਡ, ਪੜ੍ਹੇ-ਲਿਖੇ ਲੜਕੇ ਦੀ ਲੋੜ ਹੈ। ਜਾਣਕਾਰੀ ਲਈ 1-604-750-2524 ਜਾਂ 1-604-725-0750 'ਤੇ ਸੰਪਰਕ ਕਰੋ।

1674

ਜੱਟ ਸਿੱਖ ਗਰੇਵਾਲ ਲੜਕਾ, ਉਮਰ 36 ਸਾਲ, ਕੱਦ 5 ਫੁੱਟ 6 ਇੰਚ, ਕੈਨੇਡੀਅਨ ਸਿਟੀਜ਼ਨ B. Tech Oil gas Engg. Master's in Management, ਆਪਣਾ ਵਧੀਆ ਕਾਰੋਬਾਰ ਕਰ ਰਹੇ, ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੀ ਦੀ ਉਮਰ 30 ਸਾਲ ਤੋਂ ਉਪਰ ਹੋਵੇ। ਵਰਕ ਪਰਮਿਟ/ਸਟੂਡੈਂਟ ਵੀਜ਼ਾ ਜਾਂ ਤਲਾਕਸ਼ੁਦਾ ਲੜਕੀ 'ਤੇ ਵੀ ਵਿਚਾਰ ਕੀਤੀ ਜਾਵੇਗੀ। ਜਾਣਕਾਰੀ ਲਈ 1-905-981-5025 ਜਾਂ +91-90745-26805 'ਤੇ ਸੰਪਰਕ ਕਰੋ।

1674

Classified and Matrimonials

ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5 ਫ਼ੁੱਟ 7 ਇੰਚ, CPA, ਆਪਣਾ ਕਾਰੋਬਾਰ ਕਰ ਰਹੇ, ਕੈਨੇਡੀਅਨ ਬੌਰਨ, ਪਰਿਵਾਰਕ, ਵੈੱਲ ਸੈਟਲਡ ਲਈ ਕੈਨੇਡਾ ਜਾਂ ਅਮੈਰੀਕਾ ਤੋਂ ਪਰਿਵਾਰਕ, ਪੜ੍ਹੀ-ਲਿਖੀ, ਸੋਹਣੀ-ਸੁਨੱਖੀ ਲੜਕੀ ਦੀ ਲੋੜ ਹੈ। ਜਾਣਕਾਰੀ ਲਈ 1-780-908-3024 'ਤੇ ਫੋਨ ਜਾਂ Whatsapp ਕਰੋ।

1674

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 27 ਸਾਲ, ਕੱਦ 5 ਫ਼ੁੱਟ 8 ਇੰਚ, ਕੈਨੇਡੀਅਨ ਬੌਰਨ, ਵਧੀਆ ਜੌਬ ਕਰ ਰਹੇ, ਸੋਹਣੇ-ਸੁਨੱਖੇ, ਪਰਿਵਾਰਕ ਲਈ ਕੈਨੇਡੀਅਨ/ਅਮੈਰੀਕਨ ਬੌਰਨ, ਸੋਹਣੀ-ਸੁਨੱਖੀ, ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਅੰਮ੍ਰਿਤਧਾਰੀ ਜਾਂ ਅੰਮ੍ਰਿਤ ਛਕਣ ਦੀ ਚਾਹਵਾਨ ਲੜਕੀ ਨੂੰ ਪਹਿਲ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈੱਲ ਸੈਟਲਡ ਹੈ।ਜਾਣਕਾਰੀ ਲਈ 416-568-4878 'ਤੇ ਫੋਨ ਜਾਂ Whatsapp ਕਰੋ।

1674

ਜੱਟ ਸਿੱਖ ਲੜਕਾ, ਜਨਮ 1978, ਕੱਦ 5 ਫ਼ੁੱਟ 9 ਇੰਚ, ਕੈਨੇਡੀਅਨ ਪੀ ਆਰ, ਗ੍ਰੈਜੂਏਟ, ਆਪਣਾ ਵਧੀਆ ਕਾਰੋਬਾਰ ਕਰ ਰਹੇ, ਨਸ਼ਿਆਂ ਤੋਂ ਰਹਿਤ, ਕੈਨੇਡਾ ਵਿੱਚ ਆਪਣਾ ਘਰ, ਇੰਡੀਆ ਵਿੱਚ ਵੀ ਜਾਇਦਾਦ ਦੇ ਮਾਲਕ, ਤਲਾਕਸ਼ੁਦਾ ਲਈ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪੜ੍ਹੀ-ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜ਼ਟਰ ਜਾਂ ਤਲਾਕਸ਼ੁਦਾ ਲੜਕੀ 'ਤੇ ਵੀ ਵਿਚਾਰ ਕੀਤੀ ਜਾਵੇਗੀ।ਜਾਣਕਾਰੀ ਲਈ 1-604-351-7717 'ਤੇ ਸੰਪਰਕ ਕਰੋ।

1674

Jatt Sikh Brar family seeks a suitable match for their Canadian born son, 36 yrs. old, 5'-10" tall, Advanced Diploma in Business, working in office of logistic company, family oriented, well versed in both cultures. The girl should be equally educated, family oriented, well versed in both cultures. Family is well settled in Canada. Please send your biodata and recent picture to: sekho.jatinder@gmail.com or call 416-400-7895

1673

Jatt Sikh family seeks a suitable match for their daughter, 32 yrs. old, 5'-8" tall, Engineering, Canadian educated and brought up, well versed in both cultures, beautiful, Canadian citizen, working with reputed organisation. The boys should be professionally educated, born or brought in Canada, Jatt Sikh, well versed in both cultures. Call or WhatsApp 1-403-828-7973 or 1-403-437-8414

1673

Jatt Sikh parents invite matrimonial alliance for their Canadian born daughter, 30 yrs. old, 5'-8" tall, employed as teacher, well versed in both cultures. The boy should be Jatt Sikh, educated with strong family values. Please send your biodata and rescent pictures to: teachersurrey@hotmail.com

1673

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫ਼ੁੱਟ 1 ਇੰਚ, ਸੋਹਣੀ-ਸੁਨੱਖੀ, ਪਰਿਵਾਰਕ, B Sc ਨਰਸਿੰਗ (ਇੰਡੀਆ), ਰਜਿਸਟਰਡ ਨਰਸ ਦੀ ਜੌਬ ਕਰ ਰਹੀ, ਜਲਦੀ ਹੀ PR ਹੋਣ ਵਾਲੀ, ਦੋਆਬੇ ਅਤੇ ਟੋਰੰਟੋ ਨਾਲ ਸਬੰਧਤ, ਲਈ ਪ੍ਰੋਫੈਸ਼ਨਲੀ ਕੁਆਲੀਫਾਈਡ, ਵੈੱਲ ਸੈਟਲਡ, ਕੈਨੇਡੀਅਨ PR/ਸਿਟੀਜ਼ਨ, ਨਸ਼ਿਆਂ ਤੋਂ ਰਹਿਤ, ਪੜ੍ਹੇ-ਲਿਖੇ, ਚੰਗੇ ਸੰਸਕਾਰਾਂ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੇ ਮਾਤਾ-ਪਿਤਾ ਅਤੇ ਭਰਾ ਇਟਲੀ ਵਿਚ ਵੈੱਲ ਸੈਟਲਡ ਹਨ। ਮੈਰਿਜ ਬਿਓਰੋ ਸੰਪਰਕ ਨਾ ਕਰਨ। ਜਾਣਕਾਰੀ ਲਈ 647-856-9071 (ਕੈਨੇਡਾ) 'ਤੇ ਸੰਪਰਕ ਕਰੋ ਜਾਂ +91-98760-68641 (ਇਟਲੀ) 'ਤੇ Whatsapp ਕਰੋ।

*** 1673***

ਜੱਟ ਸਿੱਖ ਲੜਕੀ, ਉਮਰ 31 ਸਾਲ, ਕੱਦ 5 ਫ਼ੁੱਟ 5 ਇੰਚ, ਕੈਨੇਡੀਅਨ ਸਿਟੀਜ਼ਨ, ਤੇ BDS (India) Post Graduate in HR ਅਤੇ ਆਪਣੇ ਪ੍ਰੋਫੈਸ਼ਨ ਵਿਚ ਜੌਬ ਕਰ ਰਹੀ, ਸੋਹਣੀ ਸੁਨੱਖੀ ਲਈ ਪੜ੍ਹੇ ਲਿਖੇ, ਵੈੱਲ ਸੈਟਲਡ, ਪਰਿਵਾਰਕ ਲੜਕੇ ਦੀ ਲੋੜ ਹੈ। ਲੜਕੀ ਓਨਟੈਰੀਓ ਵਿਚ ਰਹਿ ਰਹੀ ਹੈ। ਜਾਣਕਾਰੀ ਲਈ 1-236-333-7776 'ਤੇ ਸੰਪਰਕ ਕਰੋ।

*** 1673***

ਜੱਟ ਸਿੱਖ ਇਕਲੌਤਾ ਲੜਕਾ, ਜਨਮ 1981, ਕੱਦ 5 ਫ਼ੁੱਟ 9 ਇੰਚ, ਅਨਮੈਰਿਡ, ਕੈਨੇਡੀਅਨ ਬੌਰਨ, ਗ੍ਰੈਜੂਏਟ, ਬੈਂਕ ਵਿਚ Senior Financial Advisor ਦੀ ਜੌਬ ਕਰ ਰਹੇ, ਨਸ਼ਿਆਂ ਤੋਂ ਰਹਿਤ, ਪਰਿਵਾਰਕ, ਸੋਹਣੇ ਸੁਨੱਖੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਵਰਕ ਪਰਮਿਟ/ਵਿਜ਼ਟਰ/ ਸਟੂਡੈਂਟ ਵੀਜ਼ੇ ਉਤੇ ਰਹਿ ਰਹੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਣਕਾਰੀ ਲਈ 905-815-3396 'ਤੇ ਸੰਪਰਕ ਕਰੋ।

*** 1673***

ਅੰਮ੍ਰਿਤਧਾਰੀ ਲੜਕੀ, 1981 ਬੌਰਨ, ਕੱਦ 5 ਫ਼ੁੱਟ 5 ਇੰਚ, ਕੈਨੇਡੀਅਨ ਪੀਆਰ, ਤਲਾਕਸ਼ੁਦਾ, ਪਰਿਵਾਰਕ ਲਈ ਕੈਨੇਡਾ ਤੋਂ ਵੈਲ ਸੈਟਲਡ, ਅੰਮ੍ਰਿਤਧਾਰੀ, ਪਰਿਵਾਰਕ ਲੜਕੇ ਦੀ ਲੋੜ ਹੈ। ਤਲਾਕਸ਼ੁਦਾ (ਬੱਚਿਆਂ ਵਾਲੇ) ਲੜਕੇ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਣਕਾਰੀ ਲਈ 1-604-621-4307 'ਤੇ ਸੰਪਰਕ ਕਰੋ।

*** 1673***

ਸਰਸਵੱਤ ਬ੍ਰਾਹਮਣ ਲੜਕਾ, ਬੌਰਨ 1994, ਕੱਦ 5 ਫ਼ੁੱਟ 10 ਇੰਚ, ਕੈਨੇਡੀਅਨ PR, Diploma in Electrician, ਆਪਣਾ ਕਾਰੋਬਾਰ ਕਰ ਰਹੇ, ਪਰਿਵਾਰਕ, ਸੋਹਣੇ ਸੁਨੱਖੇ ਲਈ ਸੋਹਣੀ ਸੁਨੱਖੀ, ਪੜ੍ਹੀ ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। RN ਲੜਕੀ ਚਾਹੇ ਇੰਡੀਆ ਵਿਚ ਹੋਵੇ ਜਾਂ ਕੈਨੇਡਾ ਵਿਚ ਨੂੰ ਪਹਿਲ ਦਿੱਤੀ ਜਾਵੇਗੀ। ਵਰਕ ਪਰਮਿਟ/ਵਿਜ਼ਟਰ ਆਈ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਣਕਾਰੀ ਲਈ 1-778-840-9993 ਜਾਂ +91-76588-54214 'ਤੇ ਸੰਪਰਕ ਕਰੋ।

*** 1673***

ਜੱਟ ਸਿੱਖ ਲੜਕਾ, ਉਮਰ 24 ਸਾਲ, ਕੱਦ 6 ਫ਼ੁੱਟ, ਵਰਕ ਪਰਮਿਟ ਉਤੇ ਕੈਨੇਡਾ ਰਹਿ ਰਹੇ, ਸੋਹਣਾ ਸੁਨੱਖੇ, ਪਰਿਵਾਰਕ, ਵੈਸ਼ਨੋ ਲਈ ਸੋਹਣੀ ਸੁਨੱਖੀ, ਕੈਨੇਡੀਅਨ PR, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਨਾਨਕਾ ਪਰਿਵਾਰ ਕੈਨੇਡਾ ਵਿਚ ਵੈੱਲ ਸੈਟਲਡ ਹੈ।ਮਾਲਵੇ ਨੂੰ ਪਹਿਲ।ਜਾਣਕਾਰੀ ਲਈ 1-778-885-8041 ਜਾਂ 1-778-320-5266 'ਤੇ ਸੰਪਰਕ ਕਰੋ।

*** 1673***

ਜੱਟ ਸਿੱਖ ਇਕਲੌਤਾ ਲੜਕਾ, ਉਮਰ 37 ਸਾਲ, ਕੱਦ 6 ਫ਼ੁੱਟ, ਕੈਨੇਡੀਅਨ ਪੀ ਆਰ, ਆਪਣਾ ਕਾਰੋਬਾਰ ਕਰ ਰਹੇ, ਪਰਿਵਾਰਕ, ਸੋਹਣੇ-ਸੁਨੱਖੇ, ਵੈੱਲ ਸੈਟਲਡ ਲਈ ਕੈਨੇਡਾ ਤੋਂ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ।ਕੈਨੇਡਾ ਵਿੱਚ ਵਿਜ਼ਟਰ ਜਾਂ ਵਰਕ ਪਰਮਿਟ 'ਤੇ ਰਹਿ ਰਹੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਜਾਣਕਾਰੀ ਲਈ 1-778-772-1051 'ਤੇ ਸੰਪਰਕ ਕਰੋ।

1673

Khatri Sikh family seeks a suitable match for their daughter, 1994 born, 5'- 3" tall, MBBS, BDS, MDS, Canadian PR, clinical assistant at Humberwood clinic, meanwhile preparing for MccQe and NAC, OSCE, beautiful, family oriented. The boy should be equally educated, handsome, family oriented. For information please call: 647 355 2910 or +91-84277-03600

1673

Rajput Sikh Minhas parents seeking a suitable Match for their son, Canadian citizen, born 1990, 5'-11" tall, CPA degree, working with American company based Surrey. The girl should be Canadian citizen/immigrant, beautiful, educated, family oriented and well versed with Punjabi culture. Family is well settled in Canada. Please contact on WhatsApp # 1-778-598-6647 or +91-80543-01722

***1673**"

ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 6 ਫ਼ੁੱਟ 1 ਇੰਚ, ਸੋਹਣੇ-ਸੁਨੱਖੇ, Graduate Justice Institution of British Columbia, by-law officer with Municipality ਅਤੇ ਪਰਿਵਾਰਕ ਬਿਜ਼ਨੈਸ ਕਰ ਰਿਹਾ ਹੈ, ਪਰਿਵਾਰਕ, ਕੈਨੇਡੀਅਨ ਬੌਰਨ ਲਈ ਪੜ੍ਹੀ-ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ, ਕੈਨੇਡੀਅਨ ਪੀ ਆਰ/ਸਿਟੀਜ਼ਨ ਲੜਕੀ ਦੀ ਲੋੜ ਹੈ। ਸਟੂਡੈਂਟ/ਵਰਕ ਪਰਮਿਟ/ਵਿਜ਼ਟਰ ਆਈ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਜਾਣਕਾਰੀ ਲਈ 1-604-916-2959 'ਤੇ ਸੰਪਰਕ ਕਰੋ।

1673

ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980
ਬੈੱਡ ਬੱਗਜ਼ ਖ਼ਤਮ 604-999-7378
ਸਸਤਾ ਹਵਾਈ ਸਫ਼ਰ 604-217-4114
ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
ਵਿਜ਼ਟਰ ਇੰਸ਼ੋਰੈਂਸ 778-317-6262
ਸਸਤਾ ਹਵਾਈ ਸਫ਼ਰ 604-217-4114

1984 ਸਿੱਖ ਵਿਰੋਧੀ ਦੰਗਿਆਂ ਨੂੰ ਮਿਲੇਗਾ ਨਸਲਕੁਸ਼ੀ ਦਾ ਦਰਜਾ

ਵਾਸ਼ਿੰਗਟਨ: ਸੰਯੁਕਤ ਰਾਜ ਅਮਰੀਕਾ ਦੇ ਹਾਊਸ 'ਚ ਚਾਰ ਕਾਂਗਰਸਮੈੱਨ ਵਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਰਸਮੀ ਤੌਰ 'ਤੇ ਨਸਲਕੁਸ਼ੀ ਦੇ ਰੂਪ 'ਚ ਮਾਨਤਾ ਦੇਣ ਅਤੇ ਉਸ ਨੂੰ ਯਾਦ ਰੱਖਣ ਲਈ ਇੱਕ ਇਤਿਹਾਸਕ ਪ੍ਰਸਤਾਵ ਪੇਸ਼ ਕੀਤਾ ਗਿਆ ਹੈ। ਇਸ ਪ੍ਰਸਤਾਵ ਨੂੰ ਰੀਪਬਲੀਕਨ ਪਾਰਟੀ ਦੇ ਕਾਂਗਰਸਮੈਨ ਡੇਵਿਡ ਵਲਾਡਾਓ ਵਲੋਂ ਪੇਸ਼ ਕੀਤਾ ਗਿਆ ਜਦ ਕਿ ਤਿੰਨ ਹੋਰਨਾਂ ਨੇ ਇਸ ਦਾ ਸਮਰਥਨ ਕੀਤਾ।

1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਹੁਣ ਅਮਰੀਕਾ 'ਚ ਨਸਲਕੁਸ਼ੀ ਦਾ ਦਰਜਾ ਮਿਲ ਸਕਦਾ ਹੈ ਕਿਉਂਕਿ ਅਮਰੀਕਾ ਦੇ ਚਾਰ ਕਾਂਗਰ ਮੈਂਬਰਾਂ ਵਲੋਂ ਇਸ ਸਮਰਥਨ ਕੀਤਾ ਗਿਆ। ਦਾ ਮੰਗ ਦਾ ਸਮਰਥਨ ਕੀਤਾ ਉਨ੍ਹਾਂ ਤੋਂ ਇਲਾਵਾ ਗਿਆ ਹੈ। ਜਾਣਕਾਰੀ ਅਨੁਸਾਰ ਅਮਰੀਕਾ ਦੀਆਂ ਕਈ ਪ੍ਰਮੁੱਖ ਸਿੱਖ ਰੀਪਬਲੀਕਨ ਪਾਰਟੀ ਦੇ ਮੈਂਬਰ ਜਥੇਬੰਦੀਆਂ ਵੱਲੋਂ ਵੀ ਇਸ ਮੰਗ ਡੇਵਿਡ ਵਲਾਡਾਓ ਵੱਲੋਂ ਇਹ ਪ੍ਰਸਤਾਵ ਲਿਆਂਦਾ ਗਿਆ ਸੀ ਜਿਸ 'ਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਭਾਰਤ ਭਰ 'ਚ ਸਿੱਖਾਂ ਦੇ ਖ਼ਿਲਾਫ਼ ਹੋਏ ਹਿੰਸਕ ਹਮਲਿਆਂ ਨੂੰ 1984 ਸਿੱਖ ਨਸਲਕੁਸ਼ੀ ਦੇ ਰੂਪ 'ਚ ਅਧਿਕਾਰਿਕ ਤੌਰ 'ਤੇ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਨਾਲ ਹੀ ਇਸ 'ਚ ਇਹ ਵੀ ਮੰਗ ਕੀਤੀ ਗਈ ਕਿ ਸਾਰੇ ਅਪਰਾਧੀਆਂ ਨੂੰ ਇਨਸਾਫ਼ ਦੇ ਕਟਹਿਰੇ 'ਚ ਲਿਆਂਦਾ ਜਾਣਾ ਚਾਹੀਦੈ, ਚਾਹੇ ਉਹ ਕਿਸੇ ਵੀ ਅਹੁਦੇ ਜਾਂ ਸਥਿਤੀ 'ਚ ਹੋਣ। ਡੇਵਿਡ ਦੇ ਇਸ ਪ੍ਰਸਤਾਵ ਦਾ ਤਿੰਨ ਹੋਰ ਮੈਂਬਰਾਂ ਵਲੋਂ ਵੀ ਦਾ ਜ਼ੋਰਦਾਰ ਸਮਰਥਨ ਕੀਤਾ ਗਿਆ, ਜਿਨ੍ਹਾਂ 'ਚ ਸਿੱਖ ਕੋਐਲੀਸ਼ਨ, ਅਮਰੀਕਨ ਗੁਰਦੁਆਰਾ ਮੈਨੇਜਮੈਂਟ ਕਮੇਟੀ, ਸਿੱਖ ਅਮੈਰੀਕਨ ਲੀਗਲ ਡਿਫ਼ੈਂਸ ਐਂਡ ਐਜੂਕੇਸ਼ਨ ਫ਼ੰਡ ਅਤੇ ਅਮਰੀਕਨ ਸਿੱਖ ਕੌਕਸ ਕਮੇਟੀ ਦੇ ਨਾਂ ਸ਼ਾਮਿਲ ਹਨ। ਇਨ੍ਹਾਂ ਸੰਗਠਨਾਂ ਦਾ ਕਹਿਣਾ ਹੈ ਕਿ ਇਹ ਕਦਮ ਨਾ ਸਿਰਫ਼ ਇਨਸਾਫ਼ ਦੀ ਦਿਸ਼ਾ 'ਚ ਮਹੱਤਵਪੂਰਣ ਹੈ ਬਲਕਿ 1984 ਦੀਆਂ ਘਟਨਾਵਾਂ 'ਚ ਮਾਰੇ ਗਏ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀ ਯਾਦ 'ਚ ਇੱਕ ਜ਼ਰੂਰੀ ਸਨਮਾਨ ਵੀ ਹੋਵੇਗਾ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਜਦੋਂ ਅਮਰੀਕੀ ਸੰਸਦ 'ਚ ਇਸ ਤਰ੍ਹਾਂ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਹੋਵੇ। ਇਸ ਤੋਂ ਪਹਿਲਾਂ ਅਕਤੂਬਰ 2024 'ਚ ਵੀ ਵਲਾਡਾਓ ਨੇ ਇੱਕ ਸਨਮਾਨ ਪ੍ਰਸਤਾਵ ਪੇਸ਼ ਕੀਤਾ ਸੀ, ਪਰ ਉਹ ਵੋਟਿੰਗ ਦੇ ਲਈ ਸਦਨ 'ਚ ਨਹੀਂ ਸੀ ਪਹੁੰਚ ਸਕਿਆ ਸੀ।



ਕਾਂਗਰਸਮੈਨ ਵਲਾਡਾਓ ਨੇ ਆਪਣੇ ਬਿਆਨ 'ਚ ਆਖਿਆ, "ਸਿੱਖ ਭਾਈਚਾਰੇ ਨੂੰ ਇਤਿਹਾਸ 'ਚ ਉਨ੍ਹਾਂ ਦੇ ਧਰਮ ਅਤੇ ਪਛਾਣ ਦੇ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ। 1984 ਦੀ ਨਸਲਕੁਸ਼ੀ ਇਸ ਦਾ ਇੱਕ ਦੁਖਦਾਈ ਉਦਾਹਰਣ ਹੈ।" ਪ੍ਰਸਤਾਵ 'ਚ ਇਹ ਵੀ ਜ਼ਿਕਰ ਕੀਤਾ ਗਿਆ ਏ ਕਿ 1984 ਦੀ ਘਟਨਾ ਨੂੰ ਕਦੇ ਭੁਲਾਇਆ ਨਾ ਜਾਵੇ ਅਤੇ ਸਾਰੇ ਦੋਸ਼ੀਆਂ ਨੂੰ ਸਜ਼ਾ ਮਿਲੇ।" ਉਨ੍ਹਾਂ ਕਿਹਾ, "ਅਸੀਂ ਇਹ ਯਕੀਨੀ ਕਰਨਾ ਚਾਹੁੰਦੇ ਹਾਂ ਕਿ ਹਿੰਸਾ ਸਿਰਫ਼ ਇੱਕ ਭੀੜ ਦੀ ਪ੍ਰਤੀਕਿਰਿਆ ਨਹੀਂ ਸੀ ਬਲਕਿ ਇਸ 'ਚ ਭਾਰਤ ਸਰਕਾਰ, ਰਾਜ ਸੰਸਥਾਵਾਂ ਅਤੇ ਕੁੱਝ ਸੰਸਦ ਮੈਂਬਰਾਂ ਦੀ ਮਿਲੀਭੁਗਤ ਦੇ ਸੰਕੇਤ ਮਿਲੇ ਸੀ। ਇਸ ਪ੍ਰਸਤਾਵ ਦਾ ਉਦੇਸ਼ ਇਨ੍ਹਾਂ ਘਟਨਾਵਾਂ ਦੀ ਕੌਮਾਂਤਰੀ ਪੱਧਰ 'ਤੇ ਇਤਿਹਾਸ ਅਤੇ ਨੈਤਿਕ ਜਵਾਬਦੇਹੀ ਤੈਅ ਕਰਨਾ ਹੈ।

ਕੈਲੇਫ਼ੋਰਨੀਆ ਦੇ ਕਾਂਗਰਸਮੈਨ ਜਿਮ ਕੌਸਟਾ ਨੇ ਆਖਿਆ, "1984 ਸਿੱਖ ਨਸਲਕੁਸ਼ੀ ਦੀ 41ਵੀਂ ਬਰਸੀ 'ਤੇ ਅਸੀਂ ਉਸ ਭਿਆਨਕ ਅਧਿਆਏ ਨੂੰ ਯਾਦ ਕਰਦੇ ਹਾਂ ਜਿਸ ਨੇ ਅਣਗਿਣਤ ਸਿੱਖ ਪਰਿਵਾਰਾਂ ਨੂੰ ਡੂੰਘਾ ਦਰਦ ਦਿੱਤਾ।" ਉਨ੍ਹਾਂ ਕਿਹਾ, "ਸੈਨ ਜੋਕਵਿਨ ਘਾਟੀ 'ਚ ਵਸਦੇ ਪਹਿਲਾਂ ਵੀ ਅਮਰੀਕੀ ਕਾਂਗਰਸ ਸਾਡੇ ਸਿੱਖ ਭਾਈਚਾਰੇ ਦੇ ਕਈ ਵਲੋਂ ਲਿਆਂਦੇ ਗਏ ਅਜਿਹੇ ਲੋਕਾਂ ਨੇ ਆਪਣੇ ਨੁਕਸਾਨ ਅਤੇ ਪ੍ਰਸਤਾਵਾਂ 'ਤੇ ਭਾਰਤ ਨੇ ਸਾਹਸ ਦੀਆਂ ਕਈ ਕਹਾਣੀਆਂ ਇਤਰਾਜ਼ ਜਤਾਇਆ ਸੀ। ਸਾਡੇ ਨਾਲ ਸਾਂਝੀਆਂ ਕੀਤੀਆਂ ਹਨ। ਇਹ ਪ੍ਰਸਤਾਵ ਸਿਰਫ਼ ਇੱਕ ਪ੍ਰਤੀਕ ਨਹੀਂ ਬਲਕਿ ਇਹ ਸਬੰਧਤ ਲੋਕਾਂ ਦੇ ਦਰਦ ਨੂੰ ਮਾਨਤਾ ਦੇਣ ਦਾ ਇੱਕ ਕਦਮ ਹੈ।"

ਜ਼ਿਕਰਯੋਗ ਹੈ ਕਿ ਅਮਰੀਕੀ ਸੰਸਦ 'ਚ ਪੇਸ਼ ਕੀਤੇ ਗਏ ਇਸ ਪ੍ਰਸਤਾਵ ਨੂੰ ਲੈ ਕੇ ਹਾਲੇ ਤਕ ਵਾਸ਼ਿੰਗਟਨ ਸਥਿਤ ਭਾਰਤੀ ਸ਼ਫ਼ਾਰਤਖ਼ਾਨੇ ਅਤੇ ਭਾਰਤੀ ਵਿਦੇਸ਼ ਮੰਤਰਾਲੇ ਵਲੋਂ ਕੋਈ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਅਮਰੀਕਾ ਅਤੇ ਭਾਰਤ ਦੇ ਵਿਚਕਾਰ ਕੂਟਨੀਤਕ ਤਨਾਅ ਵੱਧ ਸਕਦਾ ਹੈ ਕਿਉਂਕਿ

ਮਰਦਾਨਾ ਕਮਜ਼ੋਰੀ 416-992-5489
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
KEY CUTTING AND PROGRAMMING 236-999-7980
ਮਰਦਾਨਾ ਕਮਜ਼ੋਰੀ 416-992-5489
ਸਸਤਾ ਹਵਾਈ ਸਫ਼ਰ 604-217-4114
KEY CUTTING AND PROGRAMMING 236-999-7980
ਡਾਲਰ ਦਾ ਵਧੀਆ ਰੇਟ? 778-246-2500
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222

ਮੈਨੂੰ ਵੈਂਸ 'ਚ ਆਪਣੇ ਪਤੀ ਦੀ ਦਿਖਦੀ ਹੈ ਝਲਕ, US ਉਪ-ਰਾਸ਼ਟਰਪਤੀ ਅਤੇ ਚਾਰਲੀ ਕਰਕ ਦੀ ਵਿਧਵਾ ਦੀ ਜੱਫੀ ਹੋਈ ਵਾਇਰਲ

ਵਾਸ਼ਿੰਗਟਨ: ਅਮਰੀਕਾ 'ਚ ਉਪ-ਰਾਸ਼ਟਰਪਤੀ ਜੇ. ਡੀ. ਵੈਂਸ ਅਤੇ ਐਰਿਕਾ ਕਰਕ ਵਿਚਕਾਰ ਪਾਈ ਗਈ ਇੱਕ ਜੱਫ਼ੀ (ਗਲੇ ਮਿਲਣਾ) ਅਚਾਨਕ ਸਾਲ ਦੀਆਂ ਸਭ ਤੋਂ ਚਰਚਿਤ ਸਿਆਸੀ ਘਟਨਾਵਾਂ 'ਚੋਂ ਇੱਕ ਬਣ ਗਈ ਹੈ। ਮਿਸੀਸਿਪੀ ਯੂਨੀਵਰਸਿਟੀ 'ਚ 29 ਅਕਤੂਬਰ ਨੂੰ ਆਯੋਜਿਤ Turning Point USA ਦੇ ਇੱਕ ਪ੍ਰੋਗਰਾਮ ਦੌਰਾਨ ਵਾਪਰੀ ਇਸ ਘਟਨਾ ਦਾ ਵੀਡੀਓ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ ਅਤੇ ਚਰਚਾਵਾਂ ਦਾ ਬਾਜ਼ਾਰ ਗਰਮ ਹੈ।

ਐਰਿਕਾ ਕਰਕ, ਜੋ ਮਰਹੂਮ ਕੰਜ਼ਰਵੇਟਿਵ ਕਾਰਕੁਨ ਚਾਰਲੀ ਕਿਰਕ ਦੀ ਪਤਨੀ ਹੈ ਅਤੇ ਹੁਣ Turning Point USA ਦੀ ਨਵੀਂ CEO ਵੀ ਹੈ ਨੇ ਇੱਕ ਭਾਵੁਕ ਭਾਸ਼ਣ ਨਾਲ ਵੈਂਸ ਨੂੰ ਮੰਚ 'ਤੇ ਬੁਲਾਇਆ। ਜੱਫ਼ੀ ਤੋਂ ਪਹਿਲਾਂ ਐਰਿਕਾ ਨੇ ਕਿਹਾ ਸੀ ਕਿ ਕੋਈ ਵੀ ਮੇਰੇ ਪਤੀ ਦੀ ਜਗ ਨਹੀਂ ਲੈ ਸਕਦਾ, ਪਰ ਮੈਨੂੰ ਵਾਈਸ

ਪ੍ਰੈਜ਼ੀਡੈਂਟ ਵੈਂਸ 'ਚ ਆਪਣੇ ਪਤੀ ਦੀ ਕੁੱਝ ਝਲਕ ਦਿਖਦੀ ਹੈ।" ਵੈਂਸ ਦੇ ਮੰਚ 'ਤੇ ਆਉਣ ਤੋਂ ਬਾਅਦ ਦੋਵਾਂ ਨੇ ਇੱਕ ਸਾਧਾਰਣ ਅਭਿਨੰਦਨ ਦੀ ਬਜਾਏ ਲੰਬੇ ਸਮੇਂ ਤਕ ਇੱਕ-ਦੂਜੇ ਨੂੰ ਗਲੇ ਲਗਾਇਆ। ਤਸਵੀਰਾਂ 'ਚ ਦੇਖਿਆ ਗਿਆ ਕਿ ਵੈਂਸ ਨੇ ਐਰਿਕਾ ਨੂੰ ਕੱਸ ਕੇ ਜੱਫ਼ੀ ਪਾਈ ਅਤੇ ਐਰਿਕਾ ਨੇ ਉਸ ਦੇ ਸਿਰ ਦੇ ਪਿੱਛੇ ਹਲਕੇ ਜਿਹੇ ਆਪਣਾ ਹੱਥ ਰੱਖਿਆ।ਇਸ ਵਾਇਰਲ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਅਟਕਲਾਂ ਵੱਧ ਗਈਆਂ। ਕੁੱਝ ਉਪਭੋਗਤਾਵਾਂ ਨੇ ਇਸ ਨੂੰ ਇੱਕ ਬਹੁਤ ਹੀ ਨਿੱਜੀ ਹਰਕਤ ਦੱਸਦੇ ਹੋਏ ਆਲੋਚਨਾ ਕੀਤੀ, ਅਤੇ ਕਈ ਟਿੱਪਣੀਆਂ 'ਚ ਇਹ ਸਵਾਲ ਉੱਠੇ ਕਿ ਕੀ ਕਿਸੇ ਵਿਆਹੇ ਹੋਏ ਮਰਦ ਨੂੰ ਇਸ ਤਰ੍ਹਾਂ ਗਲੇ ਲਗਾਉਣਾ ਉਚਿਤ ਸੀ। X ਪਲੈਟਫ਼ੌਰਮ) 'ਤੇ #ErikaAndJD ਹੈਸ਼ਟੈਗ ਵੀ ਟ੍ਰੈਂਡ ਕਰਨ ਲੱਗਾ, ਅਤੇ ਕੁੱਝ ਲੋਕਾਂ ਨੇ ਇਸ ਘਟਨਾ ਨੂੰ US ਸਿਆਸੀ ਸਰਕਲ ਦਾ ਸਭ ਤੋਂ ਵੱਡਾ ਸਕੈਂਡਲ ਤਕ ਕਿਹਾ। ਦਿਲਚਸਪ ਗੱਲ ਇਹ ਹੈ ਕਿ ਇਸ ਪ੍ਰੋਗਰਾਮ 'ਚ ਜੇ. ਡੀ. ਵੈਂਸ ਦੀ ਪਤਨੀ ਊਸ਼ਾ ਚਿਲੁਕੁਰੀ ਵੈਂਸ ਵੀ ਮੌਜੂਦ ਸੀ। ਇਸ ਦੇ ਬਾਵਜੂਦ ਵੈਂਸ ਜਾਂ ਐਰਿਕਾ 'ਚੋਂ ਕਿਸੇ ਨੇ ਵੀ ਵਾਇਰਲ ਹੋਈ ਆਪਣੀ ਜੱਫ਼ੀ ਨੂੰ ਲੈ ਕੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ।

ਰੋਮ 'ਚ ਦੀਆਂ ਸੰਗਤਾਂ ਨੇ ਖ਼ਰੀਦੀ ਗੁਰਦੁਆਰਾ ਸਾਹਿਬ ਲਈ ਆਲੀਸ਼ਾਨ ਇਮਾਰਤ

ਮਿਲਾਨ: ਇਟਲੀ ਦੀ ਰਾਜਧਾਨੀ ਰੋਮ 'ਚ ਵੱਸਦੀਆਂ ਸਿੱਖ ਸੰਗਤਾਂ ਵਲੋਂ ਇਥੋਂ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਰੋਮ ਦੀ ਅਲੀਸ਼ਾਨ ਇਮਾਰਤ ਦੀ ਰੈਜਿਸਟਰੀ ਦੇ ਸਾਰੇ ਕਾਰਜ ਮੁਕੰਮਲ ਹੋਣ ਅਤੇ ਗੁਰਦੁਆਰਾ ਸਾਹਿਬ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਤਿੰਨ ਰੋਜ਼ਾ ਧਾਰਮਿਕ ਸਮਾਗਮਾਂ ਦਾ ਆਯੋਜਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਜੁਲਾਈ ਦੇ ਮਹੀਨੇ 'ਚ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੀ ਰੈਜਿਸਟਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਮ ਹੋਈ ਗਈ ਸੀ ਅਤੇ ਕਰੋੜਾਂ ਰੁਪਈਆ ਦੀ ਆਲੀਸ਼ਾਨ ਇਮਾਰਤ ਸਿੱਖ ਸੰਗਤਾਂ ਦੀ ਆਪਣੀ ਹੋ ਗਈ ਸੀ ਜੋ ਕਿ ਪਹਿਲਾਂ ਕਿਰਾਏ 'ਤੇ ਸੀ। ਸੰਗਤ ਵਲੋਂ ਸ਼ੁਕਰਾਨੇ ਦੇ ਤੌਰ ਤੇ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਖੁੱਲੇ ਪੰਡਾਲ ਸਜਾਏ ਗਏ ਜਿਨਾਂ 'ਚ ਪੰਥ ਪ੍ਰਸਿੱਧ ਢਾਡੀ ਹਰਪ੍ਰੀਤ ਸਿੰਘ ਫ਼ਤਿਹਗੜ੍ਹ

ਸਾਹਿਬ ਵਾਲਿਆਂ ਨੇ ਆਈਆਂ ਸੰਗਤਾਂ ਨੂੰ ਢਾਡੀ ਵਾਰਾਂ ਦੇ ਨਾਲ ਨਿਹਾਲ ਕਰਦਿਆਂ ਹੋਇਆ ਸਮਾਗਮਾਂ 'ਚ ਹਾਜ਼ਰੀਆਂ ਭਰੀਆਂ ਤੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਹਿਯੋਗ ਦੇਣ ਵਾਲੀਆਂ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਜਿਨਾਂ ਨੇ ਆਪਣੀਆਂ ਕਿਰਤ ਕਮਾਈਆਂ ਨੂੰ ਸਫ਼ਲਾ ਕਰਦਿਆਂ ਗੁਰਦੁਆਰਾ ਸਾਹਿਬ ਦੀਆਂ ਇਮਾਰਤ ਖ਼ਰੀਦਣ ਲਈ ਚੱਲ ਰਹੀਆਂ ਸੇਵਾਵਾਂ 'ਚ ਹਿੱਸਾ ਪਾਇਆ ਇਸ ਮੌਕੇ ਅਤੇ ਲਗਭਗ ਲਾਸੀਓ ਸਟੇਟ ਦੇ ਸਾਰੇ ਗੁਰਦੁਆਰਾ ਸਾਹਿਬ ਤੋਂ ਪ੍ਰਬੰਧਕ ਕਮੇਟੀਆਂ ਨੇ ਹਾਜ਼ਰੀਆਂ ਭਰੀਆਂ ਅਤੇ ਸਮਾਗਮ 'ਚਪਹੁੰਚ ਕੇ ਰੌਣਕਾਂ ਨੂੰ ਵਧਾਉਂਦੇ ਹੋਏ ਆਪਣਾ ਜੀਵਨ ਸਫ਼ਲਾ ਬਣਾਇਆ। ਇਸ ਦੌਰਾਨ ਗੁਰੂ ਕਿ ਲੰਗਰ ਅਤੁੱਟ ਵਰਤਾਏ ਗਏ। ਰੋਮ ਵਰਗੇ ਮਹਿੰਗੇ ਸ਼ਹਿਰ 'ਚਸਿੱਖ ਸੰਗਤਾਂ ਵਲੋਂ ਸਿੱਖੀ ਦੀ ਚੜ੍ਹ ਦੀਕਲਾ ਲਈ ਕੀਤੇ ਜਾ ਰਹੇ ਉਪਰਾਲੇ ਸਿੱਖ ਕੌਮ ਦੀ ਆਪਸੀ ਏਕਤਾ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਹਨ। ਜ਼ਿਕਰਯੋਗ ਹੈ ਕਿ ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ ਅਪ੍ਰੈਲ ਦੇ ਮਹੀਨੇ ਰੋਮ 'ਚ ਵਿਸ਼ਾਲ ਨਗਰ ਕੀਰਤਨ ਵੀ ਸਜਾਇਆ ਜਾਂਦਾ ਹੈ।

ਭਾਰਤੀਆਂ ਦੀ ਕਮਾਈ 'ਚ ਜ਼ਬਰਦਸਤ ਵਾਧਾ

ਮੁੰਬਈ: ਇੱਕ ਪਾਸੇ ਜਿੱਥੇ ਪਿਛਲੇ ਚਾਰ ਸਾਲਾਂ 'ਚ ਦੁਨੀਆਂ ਭਰ 'ਚ ਸ਼ਰਾਬ ਦੀ ਖਪਤ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ, ਉੱਥੇ ਦੂਜੇ ਪਾਸੇ ਭਾਰਤੀ ਬਾਜ਼ਾਰ 'ਚ ਇਸ ਦੀ ਖਪਤ ਲਗਾਤਾਰ ਵੱਧ ਰਹੀ ਹੈ ਜਿਸ ਕਾਰਨ ਦੇਸ਼ ਦੀਆਂ ਸ਼ਰਾਬ ਕੰਪਨੀਆਂ ਨੇ ਨਿਵੇਸ਼ਕਾਂ ਨੂੰ 14 ਗੁਣਾ ਤਕ ਰੀਟਰਨ ਦਿੱਤਾ ਹੈ। ਭਾਰਤ ਦਾ ਸ਼ਰਾਬ ਬਾਜ਼ਾਰ ਹੁਣ 60 ਅਰਬ ਡਾਲਰ ਤਕ ਪਹੁੰਚ ਚੁੱਕਾ ਹੈ।

ਭਾਰਤ 'ਚ ਵਾਧੇ ਦੇ ਮੁੱਖ ਕਾਰਨ: ਭਾਰਤ 'ਚ ਇਸ ਵਾਧੇ ਦੇ ਤਿੰਨ ਮੁੱਖ ਕਾਰਨ ਮੰਨੇ ਜਾ ਰਹੇ ਹਨ – ਨੌਜਵਾਨ ਆਬਾਦੀ, ਔਰਤਾਂ 'ਚ ਵੱਧਦੀ ਖਪਤ, ਅਤੇ ਆਮਦਨ 'ਚ ਤੇਜ਼ੀ ਨਾਲ ਵਾਧਾ।

ਦੇਸ਼ ਦੀ 60% ਆਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ ਜਦ ਕਿ WHO ਅਨੁਸਾਰ ਪਿਛਲੇ ਦੋ ਦਹਾਕਿਆਂ 'ਚ ਔਰਤਾਂ 'ਚ ਸ਼ਰਾਬ ਦੀ ਖਪਤ 50% ਵਧੀ ਹੈ। ਇਸ ਦੇ ਨਾਲ ਹੀ ਆਮਦਨ 'ਚ 30% ਵਾਧੇ ਕਾਰਨ ਪ੍ਰੀਮੀਅਮ ਅਤੇ ਬ੍ਰੈਂਡਿਡ ਸ਼ਰਾਬ ਦੀ ਮੰਗ ਹਰੇਕ ਸਾਲ 18% ਦੀ ਦਰ ਨਾਲ ਵੱਧ ਰਹੀ ਹੈ।

ਭਾਰਤੀ ਬਾਜ਼ਾਰ ਦਾ ਵਾਧਾ ਅਤੇ 14 ਗੁਣਾ ਰਿਟਰਨ: ਪਿਛਲੇ ਚਾਰ ਸਾਲਾਂ 'ਚ ਭਾਰਤ ਦੀਆਂ ਕੰਪਨੀਆਂ ਜਿਵੇਂ ਕਿ ਯੂਨਾਈਟਿਡ ਸਪਿਰਟਸ, ਰੈਡਿਕੋ ਖੇਤਾਨ ਅਤੇ ਗਲੋਬਜ਼ ਸਪਿਰਟਸ ਦੇ ਸ਼ੇਅਰ 14 ਗੁਣਾ ਤਕ ਵਧੇ ਹਨ।

ਖਪਤ 'ਚ ਵਾਧਾ: 2005 'ਚ ਪ੍ਰਤੀ ਵਿਅਕਤੀ ਸ਼ਰਾਬ ਖਪਤ 2.4 ਲੀਟਰ ਸੀ ਜੋ 2016 'ਚ 5.7 ਲੀਟਰ ਤਕ ਪਹੁੰਚ ਗਈ ਅਤੇ 2030 ਤਕ ਇਸ ਦੇ 6.7 ਲੀਟਰ ਹੋਣ ਦੀ ਸੰਭਾਵਨਾ ਹੈ।

ਸੂਬਿਆਂ ਦਾ ਮਾਲੀਆ: ਰਾਜਾਂ ਨੂੰ ਸ਼ਰਾਬ ਦੀ ਵਿਕਰੀ ਤੋਂ 19 ਹਜ਼ਾਰ 730 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਹੈ।

ਦੁਨੀਆਂ ਭਰ ਦੇ ਬਾਜ਼ਾਰਾਂ ਦੀ ਸਥਿਤੀ: ਅਮਰੀਕਾ, ਯੂਰਪ ਅਤੇ ਚੀਨ ਵਰਗੇ ਵੱਡੇ ਬਾਜ਼ਾਰਾਂ 'ਚ ਡਿਐਗੋ, ਪੈਰਨੋਡ ਰਿਕਾਰਡ, ਰੈਮੀ ਕਵਾਇੰਟਰਿਊ ਅਤੇ ਬ੍ਰਾਊਨ ਫ਼ੋਰਮੈਨ ਵਰਗੀਆਂ ਵੱਡੀਆਂ ਕੰਪਨੀਆਂ ਦੇ ਸ਼ੇਅਰ 75% ਤਕ ਟੁੱਟ ਚੁੱਕੇ ਹਨ।

ਮੁਲਾਂਕਣ 'ਚ ਘਾਟਾ: ਇਸ ਉਦਯੋਗ ਦਾ ਮੁਲਾਂਕਣ 74 ਲੱਖ ਕਰੋੜ ਰੁਪਏ ਘਟਿਆ ਹੈ।

ਸ਼ੇਅਰਾਂ ਦੀ ਔਸਤ ਗਿਰਾਵਟ: ਬਲੂਮਬਰਗ ਦੀ ਰਿਪੋਰਟ ਅਨੁਸਾਰ ਜੂਨ 2021 ਤੋਂ ਦੁਨੀਆਂ ਦੇ 50 ਪ੍ਰਮੁੱਖ ਸ਼ਰਾਬ ਬ੍ਰੈਂਡਾਂ ਦੇ ਸ਼ੇਅਰਾਂ 'ਚ ਔਸਤਨ 46% ਦੀ ਗਿਰਾਵਟ ਦਰਜ ਕੀਤੀ ਗਈ ਹੈ।

ਕਾਰਨ: ਇਸ ਗਿਰਾਵਟ ਦੇ ਮੁੱਖ ਕਾਰਨਾਂ 'ਚ ਸਿਹਤ ਪ੍ਰਤੀ ਵਧੇਰੇ ਜਾਗਰੂਕਤਾ, ਬਦਲਦੀ ਜੀਵਨਸ਼ੈਲੀ ਅਤੇ ਮਹਿੰਗਾਈ ਸ਼ਾਮਿਲ ਹਨ।

ਕੰਪਨੀਆਂ ਦਾ ਬਦਲਾਅ: ਹੁਣ ਇਹ ਵੱਡੀਆਂ ਕੰਪਨੀਆਂ ਗ਼ੈਰ-ਐਲਕੋਹੌਲਿਕ ਉਤਪਾਦਾਂ ਵੱਲ ਵੱਧ ਰਹੀਆਂ ਹਨ। ਉਦਾਹਰਣ ਲਈ, ਡਿਆਜੀਓ ਨੇ ਰਿਚੂਅਲ ਜ

ਸਸਤਾ ਹਵਾਈ ਸਫ਼ਰ 604-217-4114
24 ਘੰਟਿਆਂ ਵਿੱਚ ਆਪਣੇ ਪੈਸੇ ਭੇਜੋ ਜਾਂ ਮਗਵਾਓ 604-825-2222
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਸਸਤੀ ਟਿਕਟਾਂ ਲਈ 604-504-3400
ਡਾਲਰ ਦਾ ਵਧੀਆ ਰੇਟ? 778-246-2500
ਬੈੱਡ ਬੱਗਜ਼ ਖ਼ਤਮ 604-999-7378
ਮਰਦਾਨਾ ਕਮਜ਼ੋਰੀ 416-992-5489
KEY CUTTING AND PROGRAMMING 236-999-7980

ਕੈਨੇਡਾ 'ਚ ਨਿਕਲਿਆ 250,00,000 ਡਾਲਰ ਦਾ ਰਿਕਾਰਡ ਜੈਕਪੌਟ

ਟੋਰੰਟੋ: ਜੇਜ਼ ਕੇਅਰ ਫ਼ਾਊਂਡੇਸ਼ਨ ਨੇ ਬਲੂ ਜੇਜ਼ ਦੀ ਵਰਲਡ ਸੀਰੀਜ਼ ਦੌਰਾਨ 25 ਮਿਲੀਅਨ ਡਾਲਰ ਦੇ 50/50 ਜੈਕਪੌਟ ਦੇ ਖ਼ੁਸ਼ਕਿਸਮਤ ਜੇਤੂ ਦਾ ਐਲਾਨ ਕਰ ਦਿੱਤਾ ਹੈ। ਰਿਕਾਰਡ ਤੋੜਨ ਵਾਲੇ ਇਸ ਰੈਫ਼ਲ ਦਾ ਜੇਤੂ ਓਨਟੈਰੀਓ ਦੇ ਔਸ਼ਵਾ ਦਾ ਰਹਿਣ ਵਾਲਾ ਐਰਿਕ ਨਾਮ ਦਾ ਇੱਕ ਵਿਅਕਤੀ ਹੈ। ਫ਼ਾਊਂਡੇਸ਼ਨ ਨੇ ਉਸ ਦਾ ਉਪਨਾਮ ਜਾਰੀ ਨਹੀਂ ਕੀਤਾ।

ਇਹ ਜੈਕਪੌਟ 25,010,057 ਡਾਲਰ ਦਾ ਸੀ ਜਿਸ ਨੂੰ ਬੇਸਬਾਲ ਇਤਿਹਾਸ 'ਚ ਸਭ ਤੋਂ ਵੱਡਾ 50/50 ਜੈਕਪੌਟ ਦੱਸਿਆ ਗਿਆ ਹੈ। ਇਹ ਰਾਸ਼ੀ ਇਸ ਲਈ ਇੰਨੀ ਵੱਡੀ ਹੋ ਗਈ ਕਿਉਂਕਿ ਵਰਲਡ ਸੀਰੀਜ਼ 'ਚ ਸਾਰੀਆਂ ਗੇਮਾਂ ਵਿਕ ਗਈਆਂ ਸਨ, ਅਤੇ ਉਸ ਦੇ TV ਦਰਸ਼ਕਾਂ ਦੀ ਗਿਣਤੀ ਅਣਗਿਣਤ ਸੀ।

ਜੇਜ਼ ਕੇਅਰ ਫ਼ਾਊਂਡੇਸ਼ਨ ਦੁਆਰਾ ਚਲਾਏ ਜਾਂਦੇ ਇਸ 50/50 ਰੈਫ਼ਲ 'ਚ ਇਕੱਠੇ ਕੀਤੇ ਕੁੱਲ ਪੈਸੇ ਨੂੰ ਅੱਧਾ-ਅੱਧਾ ਵੰਡਿਆ ਜਾਂਦਾ ਹੈ, ਜਿਸ 'ਚੋਂ ਅੱਧਾ ਹਿੱਸਾ ਜੇਤੂ ਨੂੰ ਅਤੇ ਬਾਕੀ ਦਾ ਅੱਧਾ ਹਿੱਸਾ ਕੈਨੇਡਾ ਭਰ ਦੇ ਕਮਿਊਨਿਟੀ ਪ੍ਰੋਗਰਾਮਾਂ ਲਈ ਡੋਨੇਟ ਕਰ ਦਿੱਤਾ ਜਾਂਦਾ ਹੈ। ਨੋਵਾ ਸਕੋਸ਼ੀਅਨਜ਼ ਨੂੰ ਪਿਛਲੇ ਸਾਲ ਓਨਟੈਰੀਓ ਦੇ ਨਾਲ ਇਸ ਪ੍ਰਸਿੱਧ ਰੈਫ਼ਲ ਲਈ 50-50 ਟਿਕਟਾਂ ਔਨਲਾਈਨ ਖ਼ਰੀਦਣ ਦੀ ਇਜਾਜ਼ਤ ਦਿੱਤੀ ਗਈ ਸੀ।

ਵਰਲਡ ਸੀਰੀਜ਼ 'ਚ ਬਲੂ ਜੇਜ਼ ਦੀ ਹਾਰ: ਟੋਰੰਟੋ ਬਲੂ ਜੇਜ਼ ਸ਼ਨੀਵਾਰ ਰਾਤ ਨੂੰ ਲੌਸ ਐਂਜਲਸ ਡੌਜਰਜ਼ ਤੋਂ ਵਰਲਡ ਸੀਰੀਜ਼ ਦੇ ਦਿਲ ਤੋੜਨ ਵਾਲੀ ਗੇਮ 7 'ਚ ਹਾਰ ਗਏ ਸਨ। ਡੌਜਰਜ਼ ਨੇ ਉਹ ਗੇਮ 5-4 ਨਾਲ ਜਿੱਤ ਲਈ ਸੀ, ਅਤੇ ਉਨ੍ਹਾਂ ਨੇ ਸੀਰੀਜ਼ 4-3 ਨਾਲ ਆਪਣੇ ਨਾਮ ਕਰ ਲਈ।

ਫ਼ਾਊਂਡੇਸ਼ਨ ਨੇ X 'ਤੇ ਲਿਖਿਆ, "ਬਲੂ ਜੇਜ਼ ਦੇ ਪ੍ਰਸ਼ੰਸਕੋ, ਇਸ ਵਰਲਡ ਸੀਰੀਜ਼ 'ਚ ਇੱਕ ਰਿਕਾਰਡ-ਸੈੱਟਿੰਗ 25,010,057 ਡਾਲਰਜ਼ ਇਕੱਠੇ ਕਰਨ ਲਈ ਤੁਹਾਡਾ ਧੰਨਵਾਦ। ਅਸੀਂ ਪੂਰੇ ਸੀਜ਼ਨ ਦੌਰਾਨ ਤੁਹਾਡੇ ਸ਼ਾਨਦਾਰ ਸਮਰਥਨ ਦੀ ਸੱਚਮੁੱਚ ਸ਼ਲਾਘਾ ਕਰਦੇ ਹਾਂ।"

ਉਮਰ 22 ਅਤੇ ਸਿਰ 'ਤੇ ਇਨਾਮ 14 ਲੱਖ

ਬਾਲਾਘਾਟ: ਬਾਲਾਘਾਟ 'ਚ ਆਪਣੇ ਸਿਰ 'ਤੇ 14 ਲੱਖ ਰੁਪਏ ਦਾ ਇਨਾਮ ਰੱਖਣ ਵਾਲੀ ਨਕਸਲੀ ਸੁਨੀਤਾ ਦੇ ਆਤਮ-ਸਮਰਪਣ ਨੂੰ ਇੱਕ ਵੱਡੀ ਸਫ਼ਲਤਾ ਮੰਨਿਆ ਜਾ ਰਿਹਾ ਹੈ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਸੁਨੀਤਾ, ਜਿਸ ਦੀ ਉਮਰ ਸਿਰਫ਼ 22 ਸਾਲ ਹੈ, ਨੇ ਬਦਨਾਮ ਮਾਓਵਾਦੀ ਕਮਾਂਡਰ, ਕੇਂਦਰੀ ਕਮੇਟੀ ਮੈਂਬਰ (CCM) ਰਾਮਦਰ ਲਈ ਸੁਰੱਖਿਆ ਗਾਰਡ ਵਜੋਂ ਸੇਵਾ ਨਿਭਾਈ ਸੀ।

ਸੁਨੀਤਾ ਨੂੰ ਦੇਖ ਕੇ ਹਰ ਕੋਈ ਰਹਿ ਗਿਆ ਹੈਰਾਨ: ਜਦੋਂ ਸੁਨੀਤਾ ਨੇ ਆਤਮ-ਸਮਰਪਣ ਕੀਤਾ ਤਾਂ ਉਹ ਇੱਕ ਮਾਸੂਮ ਲੜਕੀ ਜਾਪਦੀ ਸੀ, ਅਤੇ ਹਰ ਕੋਈ ਉਸ ਨੂੰ ਦੇਖ ਕੇ ਹੈਰਾਨ ਰਹਿ ਗਿਆ। ਹੱਥਾਂ 'ਚ ਹਥਿਆਰ ਅਤੇ ਚਿਹਰੇ 'ਤੇ ਅਜੀਬ ਹਾਵ-ਭਾਵ, ਸੁਨੀਤਾ ਦੇ ਮਨ ਦੀ ਸਥਿਤੀ ਨੂੰ ਬਾਖ਼ੂਬੀ ਪ੍ਰਗਟ ਕਰਦੇ ਸਨ। ਹਰ ਕੋਈ ਸੋਚ ਰਿਹਾ ਸੀ ਕਿ ਇੰਨੀ ਛੋਟੀ ਉਮਰ ਦੀ ਮਹਿਲਾ ਅਜਿਹੇ ਖ਼ਤਰਨਾਕ ਕੰਮ ਕਿਵੇਂ ਕਰ ਸਕਦੀ ਹੈ। ਜਦੋਂ ਸੁਨੀਤਾ ਆਪਣੀ ਇੰਸਾਸ ਰਾਈਫ਼ਲ ਅਤੇ ਹੱਥਾਂ 'ਚ ਤਿੰਨ ਮੈਗਜ਼ੀਨ ਲੈ ਕੇ ਆਤਮ ਸਮਰਪਣ ਕਰਨ ਲਈ ਪਹੁੰਚੀ ਤਾਂ ਹਰ ਕੋਈ ਹੈਰਾਨ ਰਹਿ ਗਿਆ। ਅਧਿਕਾਰੀ ਉਸ ਨੂੰ ਬੇਟੀ-ਬੇਟੀ ਕਹਿ ਰਹੇ ਸਨ ਅਤੇ ਸਵਾਲ ਪੁੱਛ ਰਹੇ ਸਨ, ਉਸ ਬਾਰੇ ਜਾਣਨਾ ਚਾਹੁੰਦੇ ਸਨ, ਪਰ ਸੁਨੀਤਾ ਸ਼ਾਇਦ ਸਾਰੇ ਧਿਆਨ ਅਤੇ ਲੋਕਾਂ ਤੋਂ ਘਬਰਾ ਗਈ ਸੀ। ਉਹ ਜ਼ਿਆਦਾ ਕੁੱਝ ਨਹੀਂ ਕਹਿ ਸਕੀ।

ਤਿੰਨ ਸੂਬਿਆਂ ਦੀਆਂ ਸਰਕਾਰਾਂ ਨੇ ਰੱਖਿਆ ਸੀ 14 ਲੱਖ ਦਾ ਇਨਾਮ: ਤੁਸੀਂ ਸੁਨੀਤਾ ਦੇ ਆਤਮ-ਸਮਰਪਣ ਦੀ ਮਹੱਤਤਾ ਨੂੰ ਇਸ ਤਰ੍ਹਾਂ ਸਮਝ ਸਕਦੇ ਹੋ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਮਹਾਰਾਸ਼ਟਰ ਦੀਆਂ ਸਰਕਾਰਾਂ ਨੇ ਉਸ ਨੂੰ ਫ਼ੜਾਉਣ ਬਦਲੇ 1.4 ਮਿਲੀਅਨ ਰੁਪਏ ਦੇ ਇਨਾਮ ਦਾ ਐਲਾਨ ਕੀਤਾ ਸੀ। ਸੁਨੀਤਾ 2022 'ਚ ਮਾਓਵਾਦੀ ਸੰਗਠਨ 'ਚ ਸ਼ਾਮਿਲ ਹੋਈ, ਅਤੇ ਮਾਡ ਖੇਤਰ 'ਚ ਉਸ ਨੇ ਛੇ ਮਹੀਨਿਆਂ ਦੀ ਸਖ਼ਤ ਸਿਖਲਾਈ ਲਈ। ਆਪਣੀ ਸਿਖਲਾਈ ਪੂਰੀ ਕਰਨ ਤੋਂ ਬਾਅਦ ਉਸ ਨੂੰ ਤੁਰੰਤ ਰਾਮਦਰ, ਜੋ ਕਿ ਸਭ ਤੋਂ ਪ੍ਰਮੁੱਖ ਕਮਾਂਡਰਾਂ 'ਚੋਂ ਇੱਕ ਸੀ, ਦੀ ਟੀਮ 'ਚ ਇੱਕ ਸੁਰੱਖਿਆ ਗਾਰਡ ਵਜੋਂ ਨਿਯੁਕਤ ਕੀਤਾ ਗਿਆ।

ਸਰਕਾਰ ਸੁਨੀਤਾ ਦੇ ਪੁਨਰਵਾਸ ਦਾ ਰੱਖੇਗੀ ਧਿਆਨ: ਇਹ ਧਿਆਨ ਦੇਣ ਯੋਗ ਹੈ ਕਿ ਸਰਕਾਰ ਦੀ ਬੇਨਤੀ 'ਤੇ 80 ਤੋਂ ਵੱਧ ਨਕਸਲੀਆਂ ਨੇ ਆਤਮ-ਸਮਰਪਣ ਕੀਤਾ ਹੈ। ਸਰਕਾਰ ਨੇ ਉਨ੍ਹਾਂ ਲਈ ਇੱਕ ਪੁਨਰਵਾਸ ਯੋਜਨਾ ਲਾਗੂ ਕੀਤੀ ਹੈ ਜਿਸ ਨਾਲ ਉਹ ਸਨਮਾਨ ਦੀ ਜ਼ਿੰਦਗੀ ਜੀ ਸਕਣਗੇ। ਮੱਧ ਪ੍ਰਦੇਸ਼ ਸਰਕਾਰ ਦੀ ਆਤਮ-ਸਮਰਪਣ ਨੀਤੀ ਤਹਿਤ ਉਸ ਨੂੰ ਇਨਾਮ ਅਤੇ ਪੁਨਰਵਾਸ ਲਾਭ ਪ੍ਰਾਪਤ ਹੋਣਗੇ। ਸਰਕਾਰ ਸੁਨੀਤਾ ਨੂੰ ਮੁੱਖ ਧਾਰਾ 'ਚ ਵਾਪਿਸ ਆਉਣ ਅਤੇ ਆਪਣੀ ਜ਼ਿੰਦਗੀ ਦੁਬਾਰਾ ਸ਼ੁਰੂ ਕਰਨ ਲਈ ਪੂਰਾ ਸਮਰਥਨ ਵੀ ਪ੍ਰਦਾਨ ਕਰੇਗੀ।

1984 ਦੀ ਹਿੰਸਾ ਲਈ ਨਰਸੰਹਾਰ ਸ਼ਬਦ ਦੀ ਵਰਤੋਂ ਹੈ ਬਦਲਾਅ - ਜਥੇਦਾਰ ਗੜਗੱਜ

ਜਲੰਧਰ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਬਿਹਾਰ 'ਚ ਇੱਕ ਚੋਣ ਰੈਲੀ ਦੌਰਾਨ ਨਵੰਬਰ 1984 ਦੇ ਸਿੱਖ ਵਿਰੋਧੀ ਹਿੰਸਾ ਲਈ ਨਰਸੰਹਾਰ ਸ਼ਬਦ ਦੀ ਬਾਰ-ਬਾਰ ਵਰਤੋਂ ਕੀਤੀ ਗਈ। ਰੈਲੀ ਦੌਰਾਨ ਕੀਤੀ ਗਈ ਇਸ ਸ਼ਬਦ ਦੀ ਵਰਤੋਂ ਇਸ ਕਤਲੇਆਮ ਸਬੰਧੀ ਉੱਚ ਪੱਧਰ 'ਤੇ ਸ਼ਬਦਾਵਲੀ 'ਚ ਆਏ ਬਦਲਾਅ ਨੂੰ ਰੇਖਾਂਕਿਤ ਕਰਦਾ ਹੈ ਜੋ ਇੰਦਰਾ ਗਾਂਧੀ ਦੁਆਰਾ ਦੇਸ਼ ਦੇ ਉੱਚ ਪੱਧਰ 'ਤੇ ਨਰਸੰਹਾਰ ਕਹਿ ਜਾਣ ਤੋਂ ਬਾਅਦ ਹੋਇਆ ਸੀ। ਸ਼ੁਰੂ 'ਚ ਇਨ੍ਹਾਂ ਘਟਨਾਵਾਂ ਨੂੰ ਦੰਗੇ ਕਿਹਾ ਜਾਂਦਾ ਸੀ, ਪਰ ਸਿੱਖ ਭਾਈਚਾਰਾ ਸ਼ੁਰੂ ਤੋਂ ਹੀ ਇਨ੍ਹਾਂ ਨੂੰ ਕਤਲੇਆਮ ਅਤੇ ਨਸਲਕੁਸ਼ੀ ਕਹਿੰਦਾ ਆ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਵਲੋਂ ਬਿਹਾਰ 'ਚ ਆਪਣੇ ਸੰਬੋਧਨ ਦੌਰਾਨ 1984 ਸਿੱਖ ਕਤਲੇਆਮ ਨੂੰ ਨਰਸੰਹਾਰ ਵਜੋਂ ਸੰਬੋਧਤ ਕਰਨ ਸਬੰਧੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਸਿੱਖ ਕਤਲੇਆਮ ਲਈ ਨਰਸੰਹਾਰ ਸ਼ਬਦ ਵਰਤ ਰਹੇ ਹਨ, ਜਿਸ ਨੂੰ ਅਸੀਂ ਪੰਜਾਬੀ 'ਚ ਨਸਲਕੁਸ਼ੀ ਕਹਿੰਦੇ ਹਾਂ, ਤਾਂ ਦੇਸ਼ ਦੇ ਸਾਰੇ ਮੀਡੀਆ ਅਤੇ ਸਬੰਧਤ ਅਦਾਰਿਆਂ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਇਸ ਘਟਨਾ ਲਈ ਦੰਗੇ ਸ਼ਬਦ ਨਾ ਵਰਤਣ। ਉਨ੍ਹਾਂ ਕਿਹਾ ਕਿ ਦੰਗਿਆਂ 'ਚ ਦੋਵੇਂ ਪਾਸਿਓਂ ਲੜਾਈ ਹੁੰਦੀ ਹੈ ਜਦ ਕਿ 1984 ਸਿੱਖ ਕਤਲੇਆਮ 'ਚ ਸਿੱਖ ਪੀੜਤ ਧਿਰ ਹਨ, ਅਤੇ ਉਨ੍ਹਾਂ ਨਿਹੱਥੇ ਸਿੱਖਾਂ ਨੂੰ ਮਿੱਥ ਕੇ ਕਤਲ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ 1984 'ਚ ਸਿੱਖਾਂ ਦੀ ਨਸਲਕੁਸ਼ੀ ਹੋਈ ਸੀ ਜਿਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵੀ ਨਰਸੰਹਾਰ ਆਖਿਆ ਹੈ।ਉਨ੍ਹਾਂ ਕਿਹਾ ਕਿ ਜਿਵੇਂ ਸ਼੍ਰੋਮਣੀ ਕਮੇਟੀ ਨੇ ਵੀ ਇਹ ਮਤਾ ਪਾਸ ਕੀਤਾ ਹੈ ਕਿ 1984 ਸਿੱਖ ਕਤਲੇਆਮ ਨੂੰ ਭਾਰਤ ਦੀ ਸੰਸਦ ਅੰਦਰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਅਗਾਂਹ ਤੋਂ ਮੁਲਕ 'ਚ ਅਜਿਹਾ ਮਾਹੌਲ ਨਾ ਬਣੇ, ਅਤੇ ਜੇਕਰ ਕਿਸੇ ਭਾਈਚਾਰੇ ਦਾ ਕਤਲੇਆਮ ਹੋਵੇ ਤਾਂ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਵੀ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਇਹ ਬਹੁਤ ਜ਼ਰੂਰੀ ਹੈ ਕਿ ਜੋ ਮੋਦੀ ਨੇ ਐਲਾਨ ਕੀਤਾ ਹੈ ਮੌਜੂਦਾ ਸਰਕਾਰ ਉਸ ਉੱਤੇ ਸੰਸਦ ਅੰਦਰ ਪੱਕੀ ਮੋਹਰ ਲਗਾਏ। ਪੰਜਾਬ ਦੀ ਰਾਜੀਵ ਗਾਂਧੀ ਲਾਅ ਯੂਨੀਵਰਸਿਟੀ ਦਾ ਨਾਮ ਤੁਰੰਤ ਬਦਲਣਾ ਚਾਹੀਦਾ ਹੈ ਕਿਉਂਕਿ ਰਾਜੀਵ ਗਾਂਧੀ ਨੇ 1984 ਦੇ ਕਤਲੇਆਮ ਅੰਦਰ ਜੋ ਅੱਗ ਲਗਾਈ ਸੀ, ਉਸ ਦਾ ਸੇਕ ਸਿੱਖਾਂ ਦੇ ਘਰਾਂ ਤਕ ਪਹੁੰਚਿਆ, ਇਹ ਸਿੱਖਾਂ ਨੂੰ ਚਿੜਾਉਣ ਵਾਲੀ ਗੱਲ ਹੈ। ਜਥੇਦਾਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਗੁਰਦੁਆਰੇ ਖ਼ਾਲਸਾ ਪੰਥ ਦੇ ਹਨ, ਅਤੇ ਕਿਸੇ ਵੀ ਸਰਕਾਰ ਵੱਲੋਂ ਗੁਰਦੁਆਰਿਆਂ 'ਤੇ ਕਬਜ਼ੇ ਦੀ ਕੋਸ਼ਿਸ਼ ਸਿੱਖ ਕੌਮ ਕਦੇ ਬਰਦਾਸ਼ਤ ਨਹੀਂ ਕਰੇਗੀ।

ਜਸਮੀਤ ਦੇ ਕਤਲ ਦੀ ਭਗਵਾਨਪੁਰੀਆ ਗੈਂਗ ਨੇ ਲਈ ਜ਼ਿੰਮੇਵਾਰੀ

ਬਟਾਲਾ: ਪੰਜਾਬ ਦੇ ਬਟਾਲਾ 'ਚ ਐਤਵਾਰ ਨੂੰ ਹੋਏ ਜਸਮੀਤ ਸਿੰਘ ਕਤਲ ਕਾਂਡ ਦੀ ਜ਼ਿੰਮੇਵਾਰ ਜੱਗੂ ਭਗਵਾਨਪੁਰੀਆ ਗੈਂਗ ਨੇ ਲਈ ਹੈ। ਗੈਂਗ ਨੇ ਇਸ ਸਬੰਧੀ ਸ਼ੋਸ਼ਲ ਮੀਡੀਆ 'ਤੇ ਪਾਈ ਇੱਕ ਪੋਸਟ 'ਚ ਦਾਅਵਾ ਕੀਤਾ ਹੈ ਕਿ ਇਹ ਕਤਲ ਕਾਲਜ ਚੋਣਾਂ ਦੀ ਰੰਜਿਸ਼ ਦੇ ਚਲਦੇ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਬਟਾਲਾ ਦੇ ਮਾਨ ਨਗਰ ਨਿਵਾਸੀ ਜਸਮੀਤ ਸਿੰਘ (40) ਦੀ ਐਤਵਾਰ 2 ਨਵੰਬਰ ਨੂੰ ਡੇਰਾ ਬਾਬਾ ਨਾਨਕ ਰੋਡ 'ਤੇ ਦਾਣਾ ਮੰਡੀ ਦੇ ਕੋਲ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਪੂਰੀ ਵਾਰਦਾਤ ਨੂੰ ਚਾਰ ਮੋਟਰਸਾਇਕਲ ਸਵਾਰਾਂ ਵਲੋਂ ਅੰਜਾਮ ਦਿੱਤਾ ਗਿਆ ਸੀ, ਅਤੇ ਉਨ੍ਹਾਂ ਵਲੋਂ ਜਸਮੀਤ ਸਿੰਘ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ ਸਨ।

ਜੱਗੂ ਭਗਵਾਨਪੁਰੀਆ ਗੈਂਗ ਵਲੋਂ ਪਾਈ ਗਈ ਪੋਸਟ 'ਚ ਲਿਖਿਆ ਗਿਆ ਹੈ ਕਿ ਬਟਾਲਾ ਦੇ ਬੇਰਿੰਗ ਕਾਲਜ 'ਚ ਜਸਮੀਤ ਸਿੰਘ ਨੇ ਮਨ੍ਹਾ ਕਰਨ ਦੇ ਬਾਵਜੂਦ ਵਿਦਿਆਰਥੀ ਪ੍ਰਧਾਨ ਦੀ ਚੋਣ ਲੜੀ ਸੀ। ਗੈਂਗ ਨੇ ਆਰੋਪ ਲਗਾਇਆ ਕਿ ਜਸਮੀਤ ਘਨਸ਼ਾਮਪੁਰੀਆ ਗੈਂਗ ਦੇ ਦਮ 'ਤੇ ਪ੍ਰਧਾਨ ਬਣ ਰਿਹਾ ਸੀ, ਅਤੇ ਉਸ ਨੇ ਸਾਡੇ ਭਰਾ ਜੁਗਰਾਜ ਦਾ ਚੋਣਾਂ 'ਚ ਨੁਕਸਾਨ ਕਰਵਾਇਆ ਸੀ।

ਉਸ ਕਤਲ ਦੀ ਜ਼ਿੰਮੇਵਾਰੀ ਵਾਲੀ ਪੋਸਟ 'ਚ ਹਰਵਿੰਦਰ ਦੋਧੀ, ਦੀਪਾ USA ਅਤੇ ਅਮਨ ਘੋਟਾਵਾਲਾ ਨੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਇਹ ਸਾਰੇ ਜੱਗੂ ਭਗਵਾਨਪੁਰੀਆ ਗੈਂਗ ਨਾਲ ਜੁੜੇ ਹੋਏ ਦੱਸੇ ਜਾ ਰਹੇ ਹਨ। ਵਾਇਰਲ ਮੈਸਜ 'ਚ ਗੈਂਗ ਨੇ ਮ੍ਰਿਤਕ ਜਸਮੀਤ ਸਿੰਘ ਨੂੰ ਦੀਪ ਚੀਮਾ ਦੱਸਦੇ ਹੋਏ ਇਸ ਨੂੰ ਪੁਰਾਣੀ ਰੰਜ਼ਿਸ਼ ਦਾ ਨਤੀਜਾ ਦੱਸਿਆ ਹੈ। ਪੋਸਟ 'ਚ ਦਾਅਵਾ ਕੀਤਾ ਗਿਆ ਹੈ ਕਿ ਜਸਮੀਤ ਸਿੰਘ ਉਨ੍ਹਾਂ ਦੇ ਵਿਰੋਧੀ ਗੈਂਗ ਗੋਪੀ ਬੱਕਰੀ ਲਈ ਕੰਮ ਕਰਦਾ ਸੀ, ਅਤੇ ਉਨ੍ਹਾਂ ਦੇ ਸਮਰਥੱਕ ਜੁਗਰਾਜ ਨੂੰ ਕਾਲਜ ਚੋਣਾਂ 'ਚ ਨੁਕਸਾਨ ਪਹੁੰਚਾਇਆ ਸੀ।

ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 416-816-8500
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000
ਬੈੱਡ ਬੱਗਜ਼ ਖ਼ਤਮ 604-999-7378
ਡਾਲਰ ਦਾ ਵਧੀਆ ਰੇਟ? 778-246-2500
ਵਿਜ਼ਟਰ ਇੰਸ਼ੋਰੈਂਸ 778-317-6262
12 Beds, 7 Baths For 24 Guests 416-816-8500
ਇੰਡੀਆ ਪੈਸੇ ਭੇਜੋ ਜਾਂ ਮੰਗਵਾਓ ਵਧੀਆ ਰੇਟ 'ਤੇ 604-562-7000

ਭਾਰਤ ਹਵਾਲਗੀ ਵਿਰੁੱਧ ਮੇਹੁਲ ਚੋਕਸੀ ਦਾ ਆਖ਼ਰੀ ਕਾਨੂੰਨੀ ਦਾਅ

ਬ੍ਰਸਲਜ਼: ਭਗੌੜੇ ਭਾਰਤੀ ਹੀਰਾ ਵਪਾਰੀ ਮੇਹੁਲ ਚੋਕਸੀ ਨੇ ਬੈਲਜੀਅਮ ਦੀ ਸੁਪਰੀਮ ਕੋਰਟ 'ਚ ਆਪਣੀ ਹਵਾਲਗੀ ਨੂੰ ਚੁਣੌਤੀ ਦਿੱਤੀ ਹੈ। ਚੋਕਸੀ ਨੇ ਐਂਟਵਰਪ ਕੋਰਟ ਔਫ਼ ਅਪੀਲਜ਼ ਦੇ 17 ਅਕਤੂਬਰ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਹੈ ਜਿਸ ਨੇ ਭਾਰਤ ਦੀ ਹਵਾਲਗੀ ਬੇਨਤੀ ਨੂੰ ਬਰਕਰਾਰ ਰੱਖਿਆ ਅਤੇ ਇਸ ਨੂੰ ਲਾਗੂ ਕਰਨਯੋਗ ਐਲਾਨਿਆ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ। ਐਂਟਵਰਪ ਕੋਰਟ ਔਫ਼ ਅਪੀਲ ਦੇ ਸਰਕਾਰੀ ਵਕੀਲ ਨੇ ਨਿਊਜ਼ ਏਜੰਸੀ PTI ਦੇ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਚੋਕਸੀ ਨੇ 30 ਅਕਤੂਬਰ ਨੂੰ ਕੋਰਟ ਔਫ਼ ਕੇਸੈਸ਼ਨ 'ਚ ਅਪੀਲ ਦਾਇਰ ਕੀਤੀ ਸੀ। ਇਹ ਅਪੀਲ ਕਾਨੂੰਨੀ ਪਹਿਲੂਆਂ ਤਕ ਸੀਮਿਤ ਹੈ ਅਤੇ ਇਸ ਸਮੇਂ ਦੌਰਾਨ ਹਵਾਲਗੀ ਦੀ ਕਾਰਵਾਈ 'ਤੇ ਰੋਕ ਲੱਗੇਗੀ। ਕੋਰਟ ਔਫ਼ ਕੇਸੈਸ਼ਨ ਬੈਲਜੀਅਮ ਦੀ ਸਭ ਤੋਂ ਉੱਚੀ ਅਦਾਲਤ ਹੈ।

ਐਂਟਵਰਪ ਅਪੀਲ ਅਦਾਲਤ ਨੇ ਹਵਾਲਗੀ ਨੂੰ ਦਿੱਤੀ ਮਨਜ਼ੂਰੀ: 17 ਅਕਤੂਬਰ ਨੂੰ ਐਂਟਵਰਪ ਅਪੀਲ ਅਦਾਲਤ ਦੇ ਚਾਰ ਮੈਂਬਰੀ ਬੈਂਚ ਨੇ ਜ਼ਿਲ੍ਹਾ ਅਦਾਲਤ ਦੇ 29 ਨਵੰਬਰ 2024 ਦੇ ਪ੍ਰੀ-ਟ੍ਰਾਇਲ ਚੈਂਬਰ ਦੇ ਹੁਕਮ ਨੂੰ ਬਰਕਰਾਰ ਰੱਖਿਆ ਜਿਸ ਨੇ ਮੁੰਬਈ ਦੀ ਵਿਸ਼ੇਸ਼ ਅਦਾਲਤ ਦੁਆਰਾ ਮਈ 2018 ਅਤੇ ਜੂਨ 2021 'ਚ ਜਾਰੀ ਕੀਤੇ ਗਏ ਗ੍ਰਿਫ਼ਤਾਰੀ ਵਾਰੰਟਾਂ ਨੂੰ ਲਾਗੂ ਕਰਨ ਯੋਗ ਐਲਾਨਿਆ ਸੀ ਅਤੇ ਚੋਕਸੀ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਸੀ।

ਅਪੀਲ ਅਦਾਲਤ ਨੇ ਕਿਹਾ ਕਿ 13 ਹਜ਼ਾਰ ਕਰੋੜ ਦੇ PNB ਘੁਟਾਲੇ ਦੇ ਮੁੱਖ ਦੋਸ਼ੀ ਅਤੇ ਭਗੌੜੇ ਚੋਕਸੀ ਨੂੰ ਭਾਰਤ ਹਵਾਲੇ ਕੀਤੇ ਜਾਣ 'ਤੇ ਨਿਰਪੱਖ ਮੁਕੱਦਮੇ ਤੋਂ ਇਨਕਾਰ ਕੀਤੇ ਜਾਣ ਜਾਂ ਦੁਰਵਿਵਹਾਰ ਦਾ ਕੋਈ ਖ਼ਤਰਾ ਨਹੀਂ। CBI ਨੇ ਆਪਣੀ ਚਾਰਜਸ਼ੀਟ 'ਚ ਕਿਹਾ ਹੈ ਕਿ ਚੋਕਸੀ ਨੇ ਕੁੱਲ ਘੁਟਾਲੇ ਦੀ ਰਕਮ 'ਚੋਂ 6, 400 ਕਰੋੜ ਦਾ ਗਬਨ ਕੀਤਾ।

ਮਰਦਾਨਾ ਕਮਜ਼ੋਰੀ
416-992-5489

12 Beds, 7 Baths
For 24 Guests
416-816-8500

ਮਰਦਾਨਾ ਕਮਜ਼ੋਰੀ
416-992-5489

ਬੈੱਡ ਬੱਗਜ਼ ਖ਼ਤਮ
604-999-7378

ਸਸਤਾ ਹਵਾਈ ਸਫ਼ਰ
604-217-4114

ਵਿਜ਼ਟਰ ਇੰਸ਼ੋਰੈਂਸ
778-317-6262

12 Beds, 7 Baths
For 24 Guests
905-965-4644

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
ਵਧੀਆ ਰੇਟ 'ਤੇ
604-562-7000

ਭਾਰਤਣ ਬਣੀ Virginia ਦੇ Lt Governor ਦੀ ਚੋਣ

ਨਿਊ ਯੌਰਕ: ਭਾਰਤੀ ਮੂਲ ਦੀ ਅਮਰੀਕੀ ਸਿਆਸਤਦਾਨ ਗ਼ਜ਼ਾਲਾ ਹਾਸ਼ਮੀ ਨੂੰ Virginia ਦੀ ਲੈਫ਼ਟੀਨੈਂਟ ਗਵਰਨਰ (Lt Governor) ਚੁਣਿਆ ਗਿਆ ਹੈ। ਉਹ ਰਾਜ 'ਚ ਇਸ ਉੱਚ ਰਾਜਨੀਤਕ ਅਹੁਦੇ ਲਈ ਚੁਣੇ ਜਾਣ ਵਾਲੀ ਪਹਿਲੀ ਮੁਸਲਿਮ ਅਤੇ ਦੱਖਣੀ ਏਸ਼ੀਆਈ ਅਮਰੀਕੀ ਬਣ ਗਈ ਹੈ। ਡੈਮੋਕ੍ਰੈਟਿਕ ਪਾਰਟੀ ਦੀ ਉਮੀਦਵਾਰ ਹਾਸ਼ਮੀ (61) ਨੂੰ 1,465,634 ਵੋਟਾਂ ਮਿਲੀਆਂ ਜਦੋਂ ਕਿ ਉਨ੍ਹਾਂ ਦੇ ਰੀਪਬਲੀਕਨ ਵਿਰੋਧੀ ਜੌਨ ਰੀਡ ਨੂੰ 1,232,242 ਵੋਟਾਂ ਮਿਲੀਆਂ।

ਕਮਿਊਨਿਟੀ ਸੰਗਠਨ Indian American Impact Fund ਨੇ Virginia ਦੇ Lt Governor ਚੋਣ 'ਚ ਹਾਸ਼ਮੀ ਨੂੰ ਉਸ ਦੀ ਇਤਿਹਾਸਕ ਜਿੱਤ 'ਤੇ ਵਧਾਈ ਦਿੱਤੀ। ਇਸ ਦੌਰਾਨ ਅਬੀਗੈਲ ਸਪੈਨਬਰਗਰ ਇਤਿਹਾਸ 'ਚ ਪਹਿਲੀ ਵਾਰ Virginia ਦੀ Governor ਚੁਣੀ ਗਈ। ਡੈਮੋਕ੍ਰੈਟਿਕ ਪਾਰਟੀ ਦੀ ਉਮੀਦਵਾਰ ਅਬੀਗੈਲ ਸਪੈਨਬਰਗਰ ਨੇ Virginia ਦੇ Governor ਦੀ ਚੋਣ ਜਿੱਤੀ, ਅਤੇ ਉਸ ਨੇ ਰੀਪਬਲੀਕਨ ਵਿਨਸਮ ਅਰਲ-ਸੀਅਰਜ਼ ਨੂੰ ਹਰਾਇਆ।

ਨਿਊ ਜਰਜ਼ੀ 'ਚ ਵੀ Governor ਦੀ ਚੋਣ ਹੋਈ ਜਿੱਥੇ ਡੈਮੋਕ੍ਰੈਟਿਕ ਪਾਰਟੀ ਦੀ ਉਮੀਦਵਾਰ ਮਿਕੀ ਸ਼ੈਰਿਲ ਨੇ ਰੀਪਬਲੀਕਨ ਪਾਰਟੀ ਦੇ ਉਮੀਦਵਾਰ ਜੈਕ ਚਿਆਟਰੈਲੀ ਨੂੰ ਹਰਾਇਆ ਜਿਸ ਨੂੰ ਰਾਸ਼ਟਰਪਤੀ ਡੌਨਲਡ ਟਰੰਪ ਦਾ ਸਮਰਥਨ ਪ੍ਰਾਪਤ ਸੀ। ਸ਼ੈਰਿਲ ਸੀਮਿਤ ਮਿਆਦ ਵਾਲੇ ਡੈਮੋਕ੍ਰੈਟਿਕ Governor ਫ਼ਿਲ ਮਰਫ਼ੀ ਦੀ ਥਾਂ ਲੈਣਗੇ। 1961 ਤੋਂ ਬਾਅਦ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਕਿਸੇ ਇੱਕ ਪਾਰਟੀ ਨੇ ਨਿਊ ਜਰਜ਼ੀ ਦੀ Governorship ਹਾਸਿਲ ਕਰਨ 'ਚ ਲਗਾਤਾਰ ਤਿੰਨ ਵਾਰ ਜਿੱਤ ਪ੍ਰਾਪਤ ਕੀਤੀ ਹੈ।

UK 'ਚ ਸਭ ਤੋਂ ਅਮੀਰ ਸੀ JP

ਲੰਡਨ: ਭਾਰਤੀ ਮੂਲ ਦੇ ਕਾਰੋਬਾਰੀ ਦਿੱਗਜ਼ ਗੋਪੀਚੰਦ ਪੀ. ਹਿੰਦੂਜਾ ਦਾ ਮੰਗਲਵਾਰ 4 ਨਵੰਬਰ ਨੂੰ ਬ੍ਰਿਟੇਨ ਦੀ ਰਾਜਧਾਨੀ ਲੰਡਨ 'ਚ ਦਿਹਾਂਤ ਹੋ ਗਿਆ। ਉਨ੍ਹਾਂ ਨੇ 85 ਸਾਲ ਦੀ ਉਮਰ 'ਚ ਆਖਰੀ ਸਾਹ ਲਏ। ਗੋਪੀਚੰਦ ਪੀ. ਹਿੰਦੂਜਾ ਨੇ British Citizenship ਲਈ ਹੋਈ ਸੀ, ਅਤੇ ਇਸੇ ਸਾਲ ਉਨ੍ਹਾਂ ਨੂੰ UK ਦਾ ਸਭ ਤੋਂ ਅਮੀਰ ਸ਼ਖ਼ਸ ਹੋਣ ਦਾ ਖ਼ਿਤਾਬ ਵੀ ਦਿੱਤਾ ਗਿਆ ਸੀ।

ਗੋਪੀਚੰਦ ਹਿੰਦੂਜਾ ਆਪਣੇ ਪਿੱਛੇ ਨਾ ਸਿਰਫ਼ ਅਰਬਾਂ ਡਾਲਰਾਂ ਦੀ ਜਾਇਦਾਦ ਛੱਡ ਗਏ ਹਨ ਸਗੋਂ ਉਹ ਆਲਮੀ ਸੌਦੇਬਾਜ਼ੀ, ਰਣਨੀਤਕ ਵਿਭਿੰਨਤਾ, ਅਤੇ ਭਾਰਤ ਦੀਆਂ ਸਭ ਤੋਂ ਵੱਡੀਆਂ ਉਦਯੋਗਿਕ ਸਫ਼ਲਤਾ ਦੀਆਂ ਕਹਾਣੀਆਂ 'ਚੋਂ ਇੱਕ ਦੀ ਵਿਰਾਸਤ ਵੀ ਛੱਡ ਗਏ।

The Sunday Times Rich List 2025 ਅਨੁਸਾਰ ਹਿੰਦੂਜਾ ਪਰਿਵਾਰ ਦੀ ਅੰਦਾਜ਼ਨ ਜਾਇਦਾਦ 37 ਬਿਲੀਅਨ ਡਾਲਰਾਂ ਤੋਂ ਵੱਧ ਹੈ ਜੋ ਉਨ੍ਹਾਂ ਨੂੰ ਬ੍ਰਿਟੇਨ ਦਾ ਸਭ ਤੋਂ ਅਮੀਰ ਪਰਿਵਾਰ ਬਣਾਉਂਦੀ ਹੈ। The Sunday Times Rich List ਦੇ 2025 ਐਡੀਸ਼ਨ 'ਚ ਵੀ ਹਿੰਦੂਜਾ ਪਰਿਵਾਰ ਨੂੰ 32.3 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਨਾਲ The United Kindom 'ਚ ਸਭ ਤੋਂ ਅਮੀਰ ਦੱਸਿਆ ਗਿਆ ਸੀ।

ਕੌਰਪੋਰੇਟ ਜਗਤ 'ਚ JP ਦੇ ਨਾਮ ਨਾਲ ਮਸ਼ਹੂਰ ਗੋਪੀਚੰਦ 1959 'ਚ ਆਪਣੇ ਪਰਿਵਾਰਕ ਕਾਰੋਬਾਰ 'ਚ ਸ਼ਾਮਿਲ ਹੋਏ ਸਨ ਜਦੋਂ ਉਹ ਅਤੇ ਉਨ੍ਹਾਂ ਦਾ ਪਰਿਵਾਰ ਮੁੰਬਈ 'ਚ ਰਹਿੰਦਾ ਸੀ। ਉਨ੍ਹਾਂ ਦੀ ਅਗਵਾਈ ਹੇਠ ਹਿੰਦੂਜਾ ਗਰੁੱਪ



ਭਾਰਤ ਅਤੇ ਪੱਛਮੀ ਏਸ਼ੀਆ ਦਰਮਿਆਨ 20 ਬਿਲੀਅਨ ਡਾਲਰ ਦਾ ਮਲਟੀਨੈਸ਼ਨਲ ਗਰੁੱਪ ਬਣ ਗਿਆ, ਅਤੇ ਸਾਲ 1979 'ਚ ਹਿੰਦੂਜਾ ਗਰੁੱਪ ਨੂੰ ਲੰਡਨ ਤਬਦੀਲ ਕਰ ਲਿਆ ਗਿਆ ਸੀ।

ਗੋਪੀਚੰਦ ਦੀ ਅਗਵਾਈ ਹੇਠ, ਹਿੰਦੂਜਾ ਸਮੂਹ 11 ਮੁੱਖ ਖੇਤਰਾਂ 'ਚ ਕੰਮ ਕਰ ਰਿਹਾ ਹੈ ਜਿਨ੍ਹਾਂ 'ਚ ਆਟੋਮੋਟਿਵ, ਬੈਂਕਿੰਗ ਅਤੇ ਵਿੱਤ, IT, ਸਿਹਤ ਸੰਭਾਲ, ਬਿਜਲੀ, ਰੀਅਲ ਐਸਟੇਟ ਅਤੇ ਮੀਡੀਆ ਸ਼ਾਮਿਲ ਹਨ। ਅੱਜ ਇਹ ਸਮੂਹ ਬੈਂਕਿੰਗ, ਆਟੋਮੋਟਿਵ, ਊਰਜਾ, ਮੀਡੀਆ, ਸਿਹਤ ਸੰਭਾਲ, ਰੱਖਿਆ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ 'ਚ ਵੀ ਕੰਮ ਕਰਦਾ ਹੈ।

ਸਮੂਹ ਦੀਆਂ ਪ੍ਰਮੁੱਖ ਕੰਪਨੀਆਂ ਜਿਨ੍ਹਾਂ ਨੇ ਸਭ ਤੋਂ ਵੱਧ ਨਾਮ ਅਤੇ ਕਾਰੋਬਾਰ ਕਮਾਇਆ, ਉਨ੍ਹਾਂ 'ਚ ਅਸ਼ੋਕ ਲੇਲੈਂਡ, ਇੰਡਸਇੰਡ ਬੈਂਕ ਅਤੇ ਨੈੱਕਸਟਡਿਜੀਟਲ ਲਿਮਟਿਡ ਸ਼ਾਮਿਲ ਹਨ। ਇਹ ਸਮੂਹ ਦੁਨੀਆਂ ਭਰ 'ਚ ਲਗਭਗ ਦੋ ਲੱਖ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ, ਅਤੇ ਇਸ ਦੀਆਂ ਸ਼ਾਖਾਵਾਂ ਭਾਰਤ, UK, ਯੌਰਪ, ਮੱਧ ਪੂਰਬ ਅਤੇ ਅਮਰੀਕਾ 'ਚ ਫ਼ੈਲੀਆਂ ਹੋਈਆਂ ਹਨ।

ਸਿੱਖ ਫ਼ੌਜੀਆਂ ਨੂੰ ਸਮਰਪਿਤ Canadian ਡਾਕ ਟਿਕਟ ਜਾਰੀ

ਔਟਵਾ: ਓਨਟੈਰੀਓ 'ਚ ਇੱਕ ਸਮਾਰੋਹ ਦੌਰਾਨ ਕੈਨੇਡਾ ਸਰਕਾਰ ਵਲੋਂ ਸਿੱਖ ਫ਼ੌਜੀਆਂ ਦਾ ਸਨਮਾਨ ਕਰਦੇ ਹੋਏ ਇੱਕ ਨਵੀਂ Canada Post ਯਾਦਗਾਰੀ ਦਿਵਸ ਡਾਕ ਟਿਕਟ ਜਾਰੀ ਕੀਤੀ ਗਈ ਹੈ। 18ਵੇਂ ਸਾਲਾਨਾ ਸਿੱਖ ਯਾਦਗਾਰੀ ਦਿਵਸ ਸਮਾਰੋਹ ਦੌਰਾਨ ਪਹਿਲੀ ਵਾਰ ਸਿੱਖ-ਕੈਨੇਡੀਅਨ ਫ਼ੌਜੀਆਂ ਦੇ ਯੋਗਦਾਨ ਦਾ ਸਨਮਾਨ ਕਰਦੇ ਹੋਏ ਇੱਕ ਨਵੀਂ ਡਾਕ ਟਿਕਟ ਨੂੰ ਜਾਰੀ ਕੀਤਾ ਗਿਆ ਹੈ।



ਇਹ ਯਾਦਗਾਰੀ ਡਾਕ ਟਿਕਟ ਕੈਨੇਡੀਅਨ ਫ਼ੌਜ 'ਚ ਸਿੱਖਾਂ ਦੁਆਰਾ ਇੱਕ ਸਦੀ ਤੋਂ ਵੱਧ ਸਮੇਂ ਦੀ ਸੇਵਾ ਨੂੰ ਮਾਨਤਾ ਦਿੰਦੀ ਹੈ ਜਿਸ ਦੀ ਸ਼ੁਰੂਆਤ ਪਹਿਲੇ ਵਿਸ਼ਵ ਯੁੱਧ ਦੌਰਾਨ ਹਥਿਆਰਬੰਦ ਫ਼ੌਜ 'ਚ ਭਰਤੀ ਹੋਏ 10 ਸਿੱਖ ਫ਼ੌਜੀਆਂ ਨਾਲ ਹੋਈ ਸੀ। ਸਿੱਖ ਭਾਈਚਾਰੇ ਵਲੋਂ ਹਰ ਸਾਲ ਵਾਂਗ ਇਸ ਸਾਲ ਵੀ ਇਹ ਸਮਾਰੋਹ Ontario ਦੇ Kitchner 'ਚ ਪ੍ਰਾਈਵੇਟ ਬਕਮ ਸਿੰਘ ਦੀ ਯਾਦਗਾਰ 'ਤੇ ਆਯੋਜਿਤ ਕੀਤਾ ਗਿਆ ਸੀ। ਇਹ ਕੈਨੇਡਾ 'ਚ ਵਿਸ਼ਵ ਯੁੱਧਾਂ ਦੇ ਇੱਕ ਸਿੱਖ ਸਿਪਾਹੀ ਨੂੰ ਸਮਰਪਿਤ ਇੱਕੋ-ਇੱਕ ਯਾਦਗਾਰ ਹੈ। ਪਿਛਲੇ 18 ਸਾਲਾਂ ਤੋਂ ਸਿੱਖ ਭਾਈਚਾਰੇ ਦੇ ਮੈਂਬਰ ਕਿਚਨਰ 'ਚ ਪ੍ਰਾਈਵੇਟ ਬਕਮ ਸਿੰਘ ਦੀ ਯਾਦਗਾਰ 'ਤੇ ਇਕੱਠੇ ਹੁੰਦੇ ਰਹੇ ਹਨ।

ਪਾਕਿ ਕਾਰਨ Air India ਨੂੰ 4,000 ਕਰੋੜ ਦਾ ਨੁਕਸਾਨ

ਨਵੀਂ ਦਿੱਲੀ: ਏਅਰ ਇੰਡੀਆ (Air India) ਦੇ CEO ਕੈਂਪਬੈਲ ਵਿਲਸਨ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ ਕਿ ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅਤਿਵਾਦੀ ਹਮਲੇ (Pahalgam Terror Attack) ਤੋਂ ਬਾਅਦ ਪਾਕਿਸਤਾਨ ਦੁਆਰਾ ਭਾਰਤੀ ਜਹਾਜ਼ਾਂ ਲਈ ਆਪਣਾ ਹਵਾਈ ਖੇਤਰ (Airspace) ਬੰਦ ਕਰਨ ਕਾਰਨ ਏਅਰਲਾਈਨ ਨੂੰ ਭਾਰੀ ਵਿੱਤੀ ਨੁਕਸਾਨ ਹੋਇਆ ਹੈ। CEO ਵਿਲਸਨ ਨੇ ਇੱਕ ਪ੍ਰੋਗਰਾਮ ਦੌਰਾਨ ਦੱਸਿਆ ਕਿ ਇਸ ਕਾਰਨ ਏਅਰ ਇੰਡੀਆ ਨੂੰ ਲਗਭਗ 4,000 ਕਰੋੜ ਰੁਪਏ ਦਾ ਅਨੁਮਾਨਿਤ ਨੁਕਸਾਨ ਝੱਲਣਾ ਪਿਆ।

ਨੁਕਸਾਨ ਦਾ ਮੁੱਖ ਕਾਰਨ ਅਤੇ ਪਿਛੋਕੜ: ਇਹ ਸਾਰੀ ਸਥਿਤੀ ਅਪ੍ਰੈਲ 2025 'ਚ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਪੈਦਾ ਹੋਈ। ਇਹ ਹਮਲਾ 22 ਅਪ੍ਰੈਲ 2025 ਨੂੰ ਹੋਇਆ ਸੀ ਜਿਸ 'ਚ ਦੋ ਵਿਦੇਸ਼ੀਆਂ ਸਮੇਤ 26 ਲੋਕ ਮਾਰੇ ਗਏ ਸਨ। ਇਸ ਹਮਲੇ ਦੇ ਜਵਾਬ 'ਚ ਭਾਰਤ ਸਰਕਾਰ ਨੇ ਔਪ੍ਰੇਸ਼ਨ ਸਿੰਦੂਰ ਰਾਹੀਂ ਜਵਾਬੀ ਕਾਰਵਾਈ ਕੀਤੀ ਸੀ ਜਿਸ ਕਾਰਨ ਭਾਰਤ ਅਤੇ ਪਾਕਿਸਤਾਨ ਨੇ ਇੱਕ ਦੂਜੇ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ। ਪਾਬੰਦੀਆਂ ਲੱਗਣ ਕਾਰਨ ਏਅਰ ਇੰਡੀਆ ਨੂੰ ਆਪਣੀਆਂ ਕਈ ਅੰਤਰਰਾਸ਼ਟਰੀ ਉਡਾਣਾਂ ਦੇ ਰਸਤੇ (Routes) ਬਦਲਣੇ ਪਏ ਜਿਸ ਕਾਰਨ ਕੰਮਕਾਜ ਦੀ ਲਾਗਤ 'ਚ ਭਾਰੀ ਵਾਧਾ ਹੋਇਆ।

ਭਾਰਤੀ ਮੂਲ ਦੇ ਮਮਦਾਨੀ ਨੇ ਰਚਿਆ ਇਤਿਹਾਸ

ਨਿਊ ਯੌਰਕ: ਨਿਊ ਯੌਰਕ ਸ਼ਹਿਰ ਦੀਆਂ ਮੇਅਰ ਚੋਣਾਂ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ ਭਾਰਤੀ ਭਾਰਤੀ ਮੂਲ ਦੇ ਉਮੀਦਵਾਰ ਜ਼ੋਹਰਾਨ ਮਮਦਾਨੀ (Zohran Mamdani) ਨੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਡੈਮੋਕ੍ਰੈਟਿਕ ਸੋਸ਼ਲਿਸਟ ਉਮੀਦਵਾਰ Mamdani ਨੇ ਇਨ੍ਹਾਂ ਚੋਣਾਂ 'ਚ ਸਾਬਕਾ ਗਵਰਨਰ ਐਂਡ੍ਰਿਊ ਕੁਓਮੋ (Andrew Cuomo) ਅਤੇ ਰੀਪਬਲੀਕਨ ਉਮੀਦਵਾਰ ਕਰਟਿਸ ਸਲਾਈਵਾ (Curtis Sliwa) ਨੂੰ ਕਰਾਰੀ ਹਾਰ ਦਿੱਤੀ।

ਇਸ ਜਿੱਤ ਨਾਲ Zohran Mamdani ਨਿਊ ਯੌਰਕ ਸ਼ਹਿਰ ਦੇ ਪਹਿਲੇ ਮੁਸਲਿਮ ਅਤੇ ਦੱਖਣੀ ਏਸ਼ੀਆਈ ਮੂਲ ਦੇ Mayor ਬਣ ਗਏ ਹਨ। ਇਸ ਤੋਂ ਇਲਾਵਾ, 34 ਸਾਲਾ Mamdani ਇੱਕ ਸਦੀ ਤੋਂ ਵੱਧ ਸਮੇਂ 'ਚ ਸ਼ਹਿਰ ਦੇ ਸਭ ਤੋਂ ਘੱਟ ਉਮਰ ਦੇ Mayor ਵੀ ਹੋਣਗੇ।

Zohran Mamdani ਮਸ਼ਹੂਰ ਭਾਰਤੀ ਫ਼ਿਲਮ ਨਿਰਮਾਤਾ ਮੀਰਾ ਨਾਇਰ ਦੇ ਪੁੱਤਰ ਹਨ ਜਦ ਕਿ ਉਨ੍ਹਾਂ ਦੇ ਪਿਤਾ ਮਹਿਮੂਦ ਮਮਦਾਨੀ ਦਾ ਜਨਮ ਮੁੰਬਈ 'ਚ ਹੋਇਆ ਸੀ। ਇਹ ਜਿੱਤ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਲਈ ਇੱਕ ਵੱਡਾ ਝਟਕਾ ਮੰਨੀ ਜਾ ਰਹੀ ਹੈ ਜਿਨ੍ਹਾਂ ਨੇ ਖੁੱਲ੍ਹੇ ਤੌਰ 'ਤ Mamdani ਨੂੰ ਵੋਟ ਨਾ ਦੇਣ ਦੀ ਅਪੀਲ ਕੀਤੀ ਸੀ, ਅਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ Cuomo ਦਾ ਸਮਰਥਨ ਵੀ ਕੀਤਾ ਸੀ।

Zohran Mamdani ਨੇ ਆਪਣੇ ਪ੍ਰਚਾਰ 'ਚ ਮੁੱਖ ਤੌਰ 'ਤ ਕਿਰਾਏ 'ਤ ਕੰਟਰੋਲ ਵਧਾਉਣ ਅਤੇ ਰਿਹਾਇਸ਼ੀ ਸੰਕਟ ਨੂੰ ਖ਼ਤਮ ਕਰਨ ਵਰਗੇ ਪ੍ਰਗਤੀਸ਼ੀਲ ਵਾਅਦੇ ਕੀਤੇ ਸਨ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਲੋਕਾਂ ਨੇ ਉਨ੍ਹਾਂ ਦਾ ਕਾਫ਼ੀ ਸਮਰਥਨ ਕੀਤਾ, ਅਤੇ ਵੋਟਾਂ ਪਾ ਕੇ ਉਨ੍ਹਾਂ ਨੂੰ ਸ਼ਹਿਰ ਦਾ Mayor ਬਣਾਇਆ।

KEY CUTTING AND PROGRAMMING
236-999-7980

12 Beds, 7 Baths
For 24 Guests
905-965-4644

ਇੰਡੀਆ ਪੈਸੇ ਭੇਜੋ ਜਾਂ ਮੰਗਵਾਓ
ਵਧੀਆ ਰੇਟ 'ਤੇ
604-562-7000

ਬੈੱਡ ਬੱਗਜ਼ ਖ਼ਤਮ
604-999-7378

ਡਾਲਰ ਦਾ ਵਧੀਆ ਰੇਟ?
778-246-2500

ਵਿਜ਼ਟਰ ਇੰਸ਼ੋਰੈਂਸ
778-317-6262

ਬੈੱਡ ਬੱਗਜ਼ ਖ਼ਤਮ
604-999-7378

12 Beds, 7 Baths
For 24 Guests
416-816-8500